Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 131 | Tuesday, July 05, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟੋਰਾਂਟੋ ਵਿੱਚ ਰਸ਼ ਆਰ ਜ਼ੋਨਜ਼ ਵਿੱਚ ਪਾਰਕ ਕੀਤੇ ਜਾਣ ਵਾਲੇ ਵਾਹਨਾਂ ਨੂੰ ਕੀਤਾ ਜਾਵੇਗਾ ਟੋਅ



ਟੋਰਾਂਟੋ, 4 ਜੁਲਾਈ (ਪੋਸਟ ਬਿਊਰੋ) : ਸਿਟੀ ਵਿੱਚ ਟਰੈਫਿਕ ਮੁੜ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰ ਉੱਤੇ ਪਹੁੰਚਣ ਕਾਰਨ ਟੋਰਾਂਟੋ ਵਿੱਚ ਰਸ਼ ਆਰ ਜ਼ੋਨਜ਼ ਵਿੱਚ ਖੜ੍ਹੇ ਹੋਣ ਵਾਲੇ ਵਾਹਨਾਂ ਨੂੰ ਪਾਰਕਿੰਗ ਐਨਫੋਰਸਮੈਂਟ ਆਫੀਸਰਜ਼ ਵੱਲੋਂ ਮੁੜ ਟੋਅ ਕੀਤਾ ਜਾਣਾ ਸ਼ੁਰੂ ਹੋ ਗਿਆ ਹੈ।

ਕੋਵਿਡ-19 ਮਹਾਂਮਾਰੀ ਦੌਰਾਨ ਨਿਰਧਾਰਤ ਰਸ਼ ਆਰ ਰੂਟਜ਼ ਸਬੰਧੀ ਨਿਯਮ ਨੂੰ ਥੋੜ੍ਹੀ ਦੇਰ ਲਈ ਅਮਲ ਵਿੱਚ ਨਹੀਂ ਸੀ ਲਿਆਂਦਾ ਜਾ ਰਿਹਾ ਪਰ ਪਿਛਲੇ ਹਫਤੇ ਤੋਂ ਇਸ ਸਬੰਧੀ ਬਾਇ-ਲਾਅਜ਼ ਦੀ ਪਾਲਣਾ ਸ਼ੁਰੂ ਕਰ ਦਿੱਤੀ ਗਈ ਹੈ। ਸੋਮਵਾਰ ਤੋਂ ਸਵੇਰੇ 6:00 ਤੋਂ 10:00 ਵਜੇ ਤੇ ਸ਼ਾਮ ਨੂੰ 3:00 ਤੋਂ 7:00 ਵਜੇ ਤੱਕ ਪਾਬੰਦੀਸ਼ੁਦਾ ਸਮੇਂ ਵਿੱਚ ਇਨ੍ਹਾਂ ਰੂਟਸ ਉੱਤੇ ਖੜ੍ਹੇ ਕੀਤੇ ਜਾਣ ਵਾਲੇ ਵਾਹਨਾਂ ਨੂੰ ਟੋਅ ਟਰੱਕਜ਼ ਵੱਲੋਂ ਚੱਕ ਲਿਆ ਜਾਇਆ ਕਰੇਗਾ। ...ਬਾਕੀ ਪੰਨਾ 4 'ਤੇ

## ਫਰਸਟ ਨੇਸ਼ਨਜ਼ ਚਾਈਲਡ ਵੈੱਲਫੇਅਰ ਲਈ ਸਰਕਾਰ ਨੇ ਕੀਤਾ ਸਮਝੌਤਾ



ਓਟਵਾ, 4 ਜੁਲਾਈ (ਪੋਸਟ ਬਿਊਰੋ) : ਫਰਸਟ ਨੇਸ਼ਨਜ਼ ਦੇ ਬੱਚਿਆਂ ਵਾਸਤੇ ਚਾਈਲਡ ਵੈੱਲਫੇਅਰ ਲਈ ਘੱਟ ਫੰਡ ਦੇਣ ਦੀ ਭਰਪਾਈ ਕਰਨ ਦੇ ਇਰਾਦੇ ਨਾਲ ਫੈਡਰਲ ਸਰਕਾਰ ਵੱਲੋਂ 20 ਬਿਲੀਅਨ ਡਾਲਰ ਦਾ ਮੁਆਵਜ਼ਾ ਦੇਣ ਲਈ ਸਮਝੌਤੇ ਉੱਤੇ ਦਸਤਖ਼ਤ ਕੀਤੇ ਗਏ ਹਨ। ਸੋਮਵਾਰ ਨੂੰ ਇੰਡੀਜੀਨਸ ਸਰਵਿਸਿਜ਼ ਕੈਨੇਡਾ ਨੇ ਆਖਿਆ ਕਿ ਕੈਨੇਡੀਅਨ ਇਤਿਹਾਸ ਵਿੱਚ ਇਹ ਆਪਣੀ ਕਿਸਮ ਦੀ ਪਹਿਲੀ ਡੀਲ ਹੈ।

ਅਸੈਂਬਲੀ ਆਫ ਫਰਸਟ ਨੇਸ਼ਨਜ਼ ਦੀ ਮੈਨੀਟੋਬਾ ਦੀ ਰੀਜਨਲ ਚੀਫ ਨੇ ਆਖਿਆ ਕਿ ਫਰਸਟ ਨੇਸ਼ਨ ਦੇ ਬੱਚੇ ਵੀ ਪਿਆਰ ਤੇ ਪੱਖਪਾਤੀ ਸਰਕਾਰੀ ਨੀਤੀਆਂ ਤੋਂ ਮੁਕਤ ਰਹਿਣ ਦੇ ਹੱਕਦਾਰ ਹਨ। ਉਨ੍ਹਾਂ ਆਖਿਆ ਕਿ ਤਿੰਨ ਦਹਾਕਿਆਂ ਤੱਕ ਸੰਘਰਸ਼ ਕਰਨ ਤੇ ਕਈ ਮਹੀਨਿਆਂ ਦੀ ਗੱਲਬਾਤ ਤੋਂ ਬਾਅਦ ਖੁਸ਼ੀ ਇਸ ਗੱਲ ਦੀ ਹੈ ਕਿ ਅਸੀਂ ਫਰਸਟ ਨੇਸ਼ਨ ਦੇ ਬੱਚਿਆਂ ਤੇ ਪਰਿਵਾਰਾਂ ਲਈ ਕੁੱਝ ਠੋਸ ਕਰ ਸਕੇ।

ਇਹ ਸਮਝੌਤਾ ਕੈਨੇਡਾ ਤੇ ਅਸੈਂਬਲੀ ਆਫ ਫਰਸਟ ਨੇਸ਼ਨ ਤੇ ਸ਼ਿਕਾਇਤ ਕਰਤਾਵਾਂ ਦਰਮਿਆਨ ਸਿਰੇ ਚੜ੍ਹਿਆ।

## ਸਿਟੀ ਆਫ ਟੋਰਾਂਟੋ ਦੇ ਨਵੇਂ ਨਿਯਮ ਕਾਰਨ 100 ਸਿੱਖ ਸਕਿਊਰਿਟੀ ਗਾਰਡਜ਼ ਨੂੰ ਹਟਾਇਆ ਗਿਆ : ਡਬਲਿਊ ਐਸ ਓ

ਟੋਰਾਂਟੋ, 4 ਜੁਲਾਈ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ (ਡਬਲਿਊ ਐਸ ਓ) ਵੱਲੋਂ ਇਹ ਮੰਗ ਕੀਤੀ ਗਈ ਹੈ ਕਿ ਸਿਟੀ ਆਫ ਟੋਰਾਂਟੋ ਦੀਆਂ ਸਾਈਟਸ ਤੋਂ ਹਟਾਏ ਗਏ 100 ਸਿੱਖ ਸਕਿਊਰਿਟੀ ਗਾਰਡਜ਼, ਜਿਹੜੇ ਧਾਰਮਿਕ ਤੌਰ ਉੱਤੇ ਦਾੜ੍ਹੀ ਰੱਖਣ ਲਈ ਪਾਬੰਦ ਹਨ, ਨੂੰ ਮੁੜ ਨਿਯੁਕਤ ਕੀਤਾ ਜਾਵੇ।



ਸਿਟੀ ਆਫ ਟੋਰਾਂਟੋ ਵੱਲੋਂ ਪਿੱਛੇ ਜਿਹੇ ਸਿਟੀ ਦੀਆਂ ਸਾਰੀਆਂ ਸਾਈਟਸ ਉੱਤੇ ਕਲੀਨ ਸ਼ੇਵ ਸਕਿਊਰਿਟੀ ਗਾਰਡਜ਼ ਹੀ ਰੱਖਣ ਦੀ ਸ਼ਰਤ ਰੱਖ ਦਿੱਤੀ ਗਈ। ਜਿਸ ਕਾਰਨ ਆਪਣੇ ਧਰਮ ਦੀ ਪਾਲਣਾ ਕਰਨ ਵਾਲੇ 100 ਸਿੱਖ ਸਕਿਊਰਿਟੀ ਗਾਰਡਜ਼ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ।

ਡਬਲਿਊ ਐਸ ਓ ਦੇ ਪ੍ਰੈਜ਼ੀਡੈਂਟ ਤੇਜਿੰਦਰ ਸਿੰਘ ਸਿੱਧੂ ਨੇ ਆਖਿਆ ਕਿ ਸਿਟੀ ਆਫ ਟੋਰਾਂਟੋ ਦੇ ਨਵੇਂ ਨਿਯਮ ਮੁਤਾਬਕ ਸਾਰੇ ਸਕਿਊਰਿਟੀ ਗਾਰਡਜ਼ ਨੂੰ ਐਨ95 ਰੈਸਪੀਰੇਟਰਜ਼ ਪੂਰੀ ਤਰ੍ਹਾਂ ਮੂੰਹ ਉੱਤੇ ਫਿੱਟ ਹੋਣੇ ਚਾਹੀਦੇ ਹਨ। ਫਿੱਟਨੈੱਸ ਲਈ ਜਦੋਂ ਟੈਸਟ ਦਿੱਤੇ ਜਾਂਦੇ ਹਨ ਤਾਂ ਮੂੰਹ ਉੱਤੇ ਵਾਲ ਰੱਖਣ ਦੀ ਇਜਾਜ਼ਤ ਨਹੀਂ ਹੁੰਦੀ। ਡਬਲਿਊ ਐਸ ਓ ਨੇ ਆਖਿਆ ਕਿ ਕੋਵਿਡ ਮਹਾਂਮਾਰੀ ਜਦੋਂ ਆਪਣੇ ਸਿਖਰ ਉੱਤੇ ਸੀ ਉਸ ਸਮੇਂ ਸਿੱਖ ਸਕਿਊਰਿਟੀ ਗਾਰਡਜ਼ ਨੇ ਮੈਡੀਕਲ ਮਾਸਕ ਪਾ ਕੇ ਆਪਣੀ ਡਿਊਟੀ ਪੂਰੀ ਸ਼ਿੱਦਤ ਨਾਲ ਨਿਭਾਈ ਤੇ ਉਦੋਂ ਉਨ੍ਹਾਂ ਨੂੰ ਕਲੀਨ ਸ਼ੇਵਨ ਹੋਣ ਦੀ ਸ਼ਰਤ ਨਹੀਂ ਰੱਖੀ ਗਈ।

ਕਲੀਨ ਸ਼ੇਵਨ ਵਾਲੇ ਇਹ ਨਵੇਂ ਨਿਯਮ ਉਸ ਸਮੇਂ ਲਿਆਂਦੇ ਗਏ ਹਨ ਜਦੋਂ ਸਿਟੀ ਦੀਆਂ ਸਾਈਟਸ ਉੱਤੇ ਵਿਜ਼ੀਟਰਜ਼ ਨੂੰ ਮਾਸਕ ਲਾਉਣ ਦੀ ਕੋਈ ਲੋੜ ਨਹੀਂ। ਕਲੀਨ ਸ਼ੇਵਨ ਹੋਣ ਦਾ ਇਹ ਨਿਯਮ ਸਿਟੀ ਦੀਆਂ ਸਾਈਟਸ ਉੱਤੇ ਵੀ ਸਟਾਫ ਤੇ ਵਰਕਰਜ਼ ਲਈ ਲਾਗੂ ਨਹੀਂ ਕੀਤਾ ਗਿਆ।

ਇਸ ਨਵੇਂ ਨਿਯਮ ਦੇ ਚੱਲਦਿਆਂ ਸਿਟੀ ਆਫ ਟੋਰਾਂਟੋ ਦੇ ਸਕਿਊਰਿਟੀ ਕਾਂਟਰੈਕਟਰਜ਼ ਜਿਵੇਂ ਕਿ ਗਾਰਡਾ ਵਰਲਡ, ਸਟਾਰ ਸਕਿਊਰਿਟੀ ਤੇ ਏਐਸਪੀ ਸਕਿਊਰਿਟੀ ਨੇ ਸਿਟੀ ਆਫ ਟੋਰਾਂਟੋ ਦੀਆਂ ਸਾਈਟਸ ਤੋਂ ਸਿੱਖ ਸਕਿਊਰਿਟੀ ਗਾਰਡਜ਼ ਨੂੰ ਹਟਾ ਦਿੱਤਾ। ਕਈ ਸਿੱਖ ਸਕਿਊਰਿਟੀ ਗਾਰਡਜ਼ ਨੂੰ ਹਟਾ ਦਿੱਤਾ ਗਿਆ ਤੇ ਕਈਆਂ ਨੂੰ ਬਦਲਵੀਆਂ ਸਾਈਟਸ ਉੱਤੇ ਭੇਜ ਦਿੱਤਾ ਗਿਆ। ਇਸ ਤਰ੍ਹਾਂ ਰੀਲੋਕੇਟ ਕਰਨ ਨਾਲ ਅਕਸਰ ਰੈਂਕ ਤੇ ਤਨਖਾਹ ਵਿੱਚ ਵੀ ਡਿਮੋਸ਼ਨ ਹੁੰਦੀ ਹੈ। ਕਈ ਮਾਮਲਿਆਂ ਵਿੱਚ ਜਿਨ੍ਹਾਂ ਵਿਅਕਤੀਆਂ ਨੂੰ ਸੁਪਰਵਾਈਜ਼ਰਜ਼ ਜਾਂ ਮੈਨੇਜਰ ਵਜੋਂ ਹਾਇਰ ਕੀਤਾ ਗਿਆ ਸੀ ਉਨ੍ਹਾਂ ਨੂੰ ਡੀਮੋਟ ਕਰਕੇ ਸਕਿਊਰਿਟੀ ਗਾਰਡ ਬਣਾ ਦਿੱਤਾ ਗਿਆ।

ਡਬਲਿਊ ਐਸ ਓ ਵੱਲੋਂ 7 ਜੂਨ, 2022 ਨੂੰ ਮੇਅਰ ਜੌਹਨ ਟੋਰੀ ਤੇ ਟੋਰਾਂਟੋ ਸਿਟੀ ਕਾਊਂਸਲ ਦੇ ਸਾਰੇ ਮੈਂਬਰਾਂ ਨੂੰ ਇਸ ਮਸਲੇ ਦਾ ਹੱਲ ਜਲਦ ਤੋਂ ਜਲਦ ਕਰਨ ਲਈ ਚਿੱਠੀ ਲਿਖੀ ਗਈ ਹੈ। ਪਰ ਅਜੇ ਤੱਕ ਸਿਟੀ ਜਾਂ ਮੇਅਰ ਵੱਲੋਂ ਕੋਈ ਤਸੱਲੀਬਖਸ਼ ਉੱਤਰ ਨਹੀਂ ਮਿਲਿਆ ਹੈ। ਤੇਜਿੰਦਰ ਸਿੰਘ ਸਿੱਧੂ ਨੇ ਮੰਗ ਕੀਤੀ ਕਿ ਹਟਾਏ ਗਏ ਸਿੱਖ ਸਕਿਊਰਿਟੀ ਗਾਰਡਜ਼ ਨੂੰ ਮੁੜ ਡਿਊਟੀ ਉੱਤੇ ਬਹਾਲ ਕੀਤਾ ਜਾਵੇ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

## ਸ਼ਿਕਾਗੋ ਵਿੱਚ ਇੰਡੀਪੈਂਡੇਸ ਡੇਅ ਪਰੇਡ ਮੌਕੇ ਸ਼ੂਟਿੰਗ ਕਰਨ ਵਾਲਾ ਮਸ਼ਕੂਕ ਹਿਰਾਸਤ 'ਚ

ਹਾਈਲੈਂਡ ਪਾਰਕ, ਇਲੀਨੌਇ, 4 ਜੁਲਾਈ (ਪੋਸਟ ਬਿਊਰੋ) : ਸਬਅਰਬਨ ਸ਼ਿਕਾਗੋ ਵਿੱਚ ਇੰਡੀਪੈਂਡੈਂਸ ਡੇਅ ਪਰੇਡ ਦੌਰਾਨ ਸ਼ੂਟਿੰਗ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ 22 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਘਟਨਾ ਵਿੱਚ ਛੇ ਲੋਕ ਮਾਰੇ ਗਏ ਜਦਕਿ 30 ਹੋਰ ਜ਼ਖ਼ਮੀ ਹੋ ਗਏ।

ਇਸ ਵਿਅਕਤੀ ਨੂੰ ਫੜ੍ਹਨ ਲਈ ਪੁਲਿਸ ਨੂੰ ਕਈ ਘੰਟਿਆਂ ਦੀ ਮਸ਼ੱਕਤ ਕਰਨੀ ਪਈ। ਹਾਈਲੈਂਡ ਪਾਰਕ ਪੁਲਿਸ ਚੀਫ ਲੋਊ ਜੋਗਮੈਨ ਨੇ ਦੱਸਿਆ ਕਿ ਸੋਮਵਾਰ ਸ਼ਾਮ ਨੂੰ ਸ਼ੂਟਿੰਗ ਵਾਲੀ ਥਾਂ ਤੋਂ ਪੰਜ ਮੀਲ ਉੱਤਰ ਵੱਲ ਡਰਾਈਵ ਕਰ ਰਹੇ ਰੌਬਰਟ ਈ• ਕ੍ਰਾਈਮੋ ਦਾ ਪੁਲਿਸ ਅਧਿਕਾਰੀਆਂ ਨੇ ਪਿੱਛਾ ਕੀਤਾ ਤੇ ਫਿਰ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਵੱਲੋਂ ਕ੍ਰਾਈਮੋ ਨੂੰ ਇਸ ਘਟਨਾਕ੍ਰਮ ਦਾ ਮਸ਼ਕੂਕ ਦੱਸਣ ਤੋਂ ਹਾਲ ਦੀ ਘੜੀ ਇਨਕਾਰ ਕੀਤਾ ਗਿਆ ਹੈ ਪਰ ਉਨ੍ਹਾਂ ਆਖਿਆ ਕਿ ਉਸ ਉੱਤੇ ਉਨ੍ਹਾਂ ਨੂੰ ਪੂਰਾ ਪੂਰਾ ਸ਼ੱਕ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਸ ਸਬੰਧੀ ਜਾਣਕਾਰੀ ਜਨਤਕ ਕਰਨਾ ਇੱਕ ਗੰਭੀਰ ਕਦਮ ਹੈ।



4 ਜੁਲਾਈ ਨੂੰ ਵਾਪਰੀ ਇਸ ਸ਼ੂਟਿੰਗ ਦੀ ਘਟਨਾ ਨੇ ਇੱਕ ਵਾਰੀ ਫਿਰ ਅਮੈਰੀਕਨਜ਼ ਦੀ ਜ਼ਿੰਦਗੀ ਵਿੱਚ ਖਲਲ ਪਾ ਦਿੱਤੀ ਹੈ। ਅਮੈਰੀਕਨਜ, ਸਕੂਲ, ਚਰਚ, ਗਰੌਸਰੀ ਸਟੋਰਜ਼ ਤੇ ਹੁਣ ਕਮਿਊਨਿਟੀ ਪਰੇਡ ਪਿਛਲੇ ਕੁੱਝ ਮਹੀਨਿਆਂ ਤੋਂ ਇਸ ਤਰ੍ਹਾਂ ਦੇ ਗੋਲੀਕਾਂਡ ਬਰਦਾਸ਼ਤ ਕਰ ਚੁੱਕੇ ਹਨ।

ਸ਼ੂਟਰ ਨੇ ਸਵੇਰੇ 10:15 ਵਜੇ ਇਸ ਸ਼ੂਟਿੰਗ ਨੂੰ ਅੰਜਾਮ ਦਿੱਤਾ। ਇਹ ਸ਼ੂਟਿੰਗ ਉਸ ਪਰੇਡ ਰੂਟ ਉੱਤੇ ਹੋਈ ਜਿੱਥੇ ਬਹੁਤ ਸਾਰੇ ਰੈਜ਼ੀਡੈਂਟਸ ਆਜ਼ਾਦੀ ਦਿਵਸ ਦੇ ਜਸ਼ਨਾਂ ਲਈ ਇੱਕਠੇ ਹੋਏ ਸਨ। ਇਸ ਦੌਰਾਨ ਚੱਲੀਆਂ ਗੋਲੀਆਂ ਕਾਰਨ ਸੈਂਕੜੇ ਲੋਕਾਂ ਵਿੱਚ ਭਗਦੜ ਮਚ ਗਈ। ਕਈ ਗੋਲੀਆਂ ਲੱਗਣ ਕਾਰਨ ਲਹੂ ਲੁਹਾਨ ਸਨ। ਇਸ ਹਿੰਸਕ ਵਾਰਦਾਤ ਨੇ ਇੱਕ ਵਾਰੀ ਸਾਰੇ ਜਸ਼ਨਾਂ ਵਿੱਚ ਅੜਿੱਕਾ ਡਾਹ ਦਿੱਤਾ। ਪੁਲਿਸ ਨੇ ਦੱਸਿਆ ਕਿ ਸ਼ੂਟਰ ਨੇ ਕਮਰਸ਼ੀਅਲ ਬਿਲਡਿੰਗ ਦੇ ਸਿਖਰ ਤੋਂ ਗੋਲੀਆਂ ਚਲਾਈਆਂ, ਜਿੱਥੋਂ ਉਹ ਨਜ਼ਰ ਆਉਣਾ ਬੜਾ ਮੁਸ਼ਕਲ ਸੀ। ਪੁਲਿਸ ਨੂੰ ਮੌਕੇ ਤੋਂ ਰਾਈਫਲ ਮਿਲ ਗਈ ਹੈ ਤੇ ਇਸ ਦੇ ਨਾਲ ਹੀ ਬਿਲਡਿੰਗ ਦੇ ਨਾਲ ਲੱਗੀ ਪੌੜੀ ਵੀ ਪੁਲਿਸ ਨੂੰ ਲੱਭ ਗਈ ਹੈ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਉਹ ਤੇ ਫਰਸਟ ਲੇਡੀ ਜਿੱਲ ਬਾਇਡਨ ਇਸ ਤਰ੍ਹਾਂ ਦੀ ਖਾਹਮਖਾਹ ਦੀ ਗੰਨ ਵਾਇਲੰਸ ਤੋਂ ਬਹੁਤ ਹੈਰਾਨ ਹਨ ਤੇ ਇੰਡੀਪੈਂਡੇਸ ਡੇਅ ਉੱਤੇ ਇਸ ਘਟਨਾ ਕਾਰਨ ਅਮੈਰੀਕਨ ਕਮਿਊਨਿਟੀ ਨੂੰ ਵੱਡਾ ਸਦਮਾ ਲੱਗਿਆ ਹੈ।

## ਛੁਰੇਬਾਜ਼ੀ ਵਿੱਚ ਇੱਕ ਹਲਾਕ ਇੱਕ ਜ਼ਖ਼ਮੀ

ਮਿਸੀਸਾਗਾ, 4 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸਵੇਰੇ ਮਿਸੀਸਾਗਾ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਕਈ ਵਿਅਕਤੀਆਂ ਉੱਤੇ ਚਾਕੂ ਨਾਲ ਹਮਲੇ ਦੀ ਰਿਪੋਰਟ ਦੇ ਕੇ ਪੁਲਿਸ ਨੂੰ ਤੜਕੇ 2:30 ਵਜੇ ਬ੍ਰਿਟੇਨੀਆ ਰੋਡ ਤੇ ਹੁਰੌਨਤਾਰੀਓ ਸਟਰੀਟ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਇੱਕ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਕਈ ਮਸ਼ਕੂਕ ਇਲਾਕੇ ਤੋਂ ਫਰਾਰ ਹੋ ਗਏ ਸਨ ਤੇ ਕਿਸੇ ਵੀ ਮਸ਼ਕੂਕ ਦਾ ਵੇਰਵਾ ਅਜੇ ਜਾਰੀ ਨਹੀਂ ਕੀਤਾ ਜਾ ਸਕਿਆ ਹੈ। ਮਾਮਲੇ ਦੀ ਜਾਂਚ ਚੱਲ ਰਹੀ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755


MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Exclusive Deal
ON THIS CANADA DAY
$4799
PLUS TAX
GRAB A FREE GIFT WITH THIS PACKAGE
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਮੰਤਰੀ ਪੰਜਾਬ ਵਿੱਚ ਪੰਜ ਬਣਾਏ ਸੁਣਿਆ,
ਰਹਿਣਾ ਕਈਆਂ ਨੂੰ ਅਜੇ ਤੱਕ ਰੋਸ ਮੀਆਂ।
ਕਈ ਵਿਧਾਇਕਾਂ ਤਾਂ ਗੁੱਸਾ ਦਿਖਾਵਣਾ ਨਹੀਂ,
ਕਰਨਾ ਈ ਚੇਲਿਆਂ ਬਹੁਤ ਅਫਸੋਸ ਮੀਆਂ।
ਦਿੱਤੀ ਕਿਸ ਨੂੰ ਵਜ਼ੀਰੀ ਕਿਸ ਗੁਣ ਖਾਤਰ,
ਕਾਰਨ ਇਹਦਾ ਵੀ ਹੋਊ ਕੁਝ ਠੋਸ ਮੀਆਂ।
ਫੜਿਆ ਹੱਥਾਂ ਵਿੱਚ ਜੀਹਦੇ ਕੰਟਰੋਲ ਸਾਰਾ,
ਉਸ ਦਾ ਕੱਢਣਗੇ ਸੱਜਣ ਕਈ ਦੋਸ਼ ਮੀਆਂ।
ਇਹ ਨਹੀਂ ਬਣਦੇ ਤੇ ਦੂਜੇ ਕੋਈ ਬਣ ਜਾਂਦੇ,
ਰੁੱਸਣਾ ਇਨ੍ਹਾਂ ਦਾ ਜਾਂਦਾ ਫਿਰ ਕਿਹਾ ਮੀਆਂ।
ਖਿੜਦੇ ਚਿਹਰੇ ਬਈ ਮੰਤਰੀ ਬਣ ਗਿਆਂ ਦੇ,
ਦੁੱਖ ਨਾ ਰਹਿ ਗਿਆਂ ਤੋਂ ਜਾਵੇ ਸਿਹਾ ਮੀਆਂ।

**ਤੀਸ ਮਾਰ ਖਾਂ**

# ਅਮਰੀਕਾ ਵਿਚ ਅਜ਼ਾਦੀ ਦਿਨ ’ਤੇ ਪਰੇਡ ਵਿਚ ਗੋਲੀਬਾਰੀ, 6 ਦੀ ਮੌਤ ਅਤੇ 24 ਜ਼ਖਮੀ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ): ਅੱਜ ਅਮਰੀਕਾ ਦੀ ਅਜ਼ਾਦੀ ਦੇ ਮਨਾਏ ਜਾਂਦੇ ਜਸ਼ਨਾਂ ਦੌਰਾਨ ਸ਼ਿਕਾਗੋ ਦੇ ਹਾਈਲੈਂਡ ਪਾਰਕ ਵਿਚ ਅਜਾਦੀ ਪਰੇਡ ਵਿਚ ਗੋਲੀਬਾਰੀ ਵਿਚ ਘੱਟੋ ਘੱਟ ਛੇ ਲੋਕਾਂ ਦੀ ਮੌਤ ਹੋ ਗਈ ਅਤੇ 24 ਜ਼ਖਮੀ ਹੋ ਗਏ। ਪੁਲੀਸ ਦੋਸ਼ੀ ਦੀ ਭਾਲ ਕਰ ਰਹੀ ਹੈ, ਜਿਸ ਨੇ ਕਿਸੇ ਬਿਲਡਿੰਗ ਦੀ ਛੱਤ ਤੋਂ ਗੋਲੀਬਾਰੀ ਕੀਤੀ ਤੇ ਇਸ ਘਟਨਾਂ ਨੂੰ ਅੰਜਾਮ ਦਿੱਤਾ

ਲੇਕ ਕਾਉਂਟੀ ਮੇਜਰ ਕ੍ਰਾਈਮ ਟਾਸਕ ਫੋਰਸ ਦੇ ਬੁਲਾਰੇ ਕ੍ਰਿਸਟੋਫਰ ਕੋਵੇਲੀ ਨੇ ਇਕ ਨਿਊਜ਼ ਕਾਨਫਰੰਸ ਵਿਚ ਕਿਹਾ ਕਿ ਬੰਦੂਕਧਾਰੀ ਨੇ ਇਕ ਰਾਈਫਲ ਦੀ ਵਰਤੋਂ ਕਰਦੇ ਹੋਏ ਛੱਤ ਤੋਂ ਪਰੇਡ ਕਰਨ ਵਾਲਿਆਂ ਉਤੇ ਗੋਲੀਬਾਰੀ ਕੀਤੀ ਜੋ ਘਟਨਾ ਸਥਾਨ ਤੋਂ ਬਰਾਮਦ ਕੀਤੀ ਗਈ ਹੈ। ਕੋਵੇਲੀ ਨੇ ਕਿਹਾ ਕਿ ਪੁਲਿਸ ਦਾ ਮੰਨਣਾ ਹੈ ਕਿ ਸਿਰਫ ਇੱਕ ਵਿਆਕਤੀ ਸੀ ਅਤੇ ਚੇਤਾਵਨੀ ਦਿੱਤੀ ਕਿ ਉਹ ਅਜੇ ਵੀ ਹਥਿਆਰਬੰਦ ਅਤੇ ਖਤਰਨਾਕ ਹੋ ਸਕਦਾ ਹੈ। ਪੁਲਿਸ ਨੇ ਪੀੜਤਾਂ ਜਾਂ ਜ਼ਖਮੀਆਂ ਬਾਰੇ ਅਜੇ ਤੱਕ ਕੋਈ ਵੇਰਵਾ ਜਾਰੀ ਨਹੀਂ ਕੀਤਾ ਹੈ, ਜਿਨਾਂ ਨੂੰ ਲਾਗਲੇ ਹਸਪਤਾਲਾਂ ਚ ਭਰਤੀ ਕਰਵਾਇਆ ਗਿਆ ਹੈ।





ਅੱਜ ਪਰੇਡ ਸਵੇਰੇ 10 ਵਜੇ ਦੇ ਕਰੀਬ ਸ਼ੁਰੂ ਹੋਈ ਪਰ ਗੋਲੀ ਚੱਲਣ ਤੋਂ ਬਾਅਦ 10 ਮਿੰਟ ਬਾਅਦ ਇਸ ਨੂੰ ਅਚਾਨਕ ਰੋਕ ਦਿੱਤਾ ਗਿਆ। ਗੋਲੀਬਾਰੀ ਤੋਂ ਬਾਅਦ ਸੈਂਕੜੇ ਪਰੇਡ ਕਰਨ ਵਾਲੇ - ਤੇ ਦੇਖਣ ਵਾਲੇ ਕੁਰਸੀਆਂ, ਬੇਬੀ ਸਟ੍ਰੋਲਰ, ਆਲੀਸ਼ਾਨ ਖਿਡੌਣੇ, ਸਾਈਕਲ ਅਤੇ ਕੰਬਲ ਛੱਡ ਕੇ ਪਰੇਡ ਤੋਂ ਭੱਜ ਗਏ। ਹਫੜਾ-ਦਫੜੀ ਚ ਇੱਥੇ ਸ਼ਾਮਿਲ ਲੋਕ ਆਪਣੇ ਪਰਿਵਾਰਾਂ ਤੋਂ ਵੱਖ ਹੋ ਗਏ , ਉਨ੍ਹਾਂ ਦੀ ਭਾਲ ਕਰ ਰਹੇ ਸਨ। ਲੋਕਾਂ ਨੇ ਆਪਣੀਆਂ ਗੱਡੀਆਂ ਛੱਡੀਆਂ, ਆਪਣੇ ਬੱਚਿਆਂ ਨੂੰ ਫੜ ਕੇ ਇਧਰ ਉਧਰ ਭੱਜਣ ਲੱਗੇ। ਵੱਖ ਵੱਖ ਹੋਰ ਵੇਰਵੇ ਅਜੇ ਆਉਣੇ ਬਾਕੀ ਹਨ।

# ਮਾਨ ਮੰਤਰੀ ਮੰਡਲ ਦਾ ਵਿਸਥਾਰ : ਅਮਨ ਅਰੋੜਾ ਅਤੇ ਇੰਦਰਬੀਰ ਨਿੱਝਰ ਸਣੇ ਪੰਜ ਹੋਰ ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ

ਚੰਡੀਗੜ੍ਹ, 4 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਮੰਤਰੀ ਮੰਡਲ ਵਿੱਚ ਅੱਜ ਵਾਧਾ ਕਰ ਕੇ ਪੰਜ ਵਿਧਾਇਕਾਂ ਅਮਨ ਅਰੋੜਾ, ਇੰਦਰਬੀਰ ਸਿੰਘ ਨਿੱਝਰ, ਫੌਜਾ ਸਿੰਘ ਸਰਾਰੀ, ਚੇਤਨ ਸਿੰਘਜੌੜਾਮਾਜਰਾ ਤੇ ਅਨਮੋਲ ਗਗਨ ਮਾਨ ਨੂੰ ਕੈਬਨਿਟ ਮੰਤਰੀ ਵਜੋਂ ਸਹੁੰ ਚੁਕਵਾਈ ਗਈ।

ਅੱਜ ਦੇ ਸਮਾਗਮ ਵਿੱਚ ਸਭ ਤੋਂ ਪਹਿਲਾਂ ਸੁਨਾਮ ਹਲਕੇ ਤੋਂ ਲਗਾਤਾਰ ਦੂਜੀ ਵਾਰੀ ਵਿਧਾਇਕ ਅਮਨ ਅਰੋੜਾ ਨੂੰ ਮੰਤਰੀ ਦੀ ਸਹੁੰ ਚੁਕਾਈ ਗਈ।ਫਿਰ ਅੰਮ੍ਰਿਤਸਰ ਦੱਖਣੀ ਤੋਂ ਡਾ. ਇੰਦਰਬੀਰ ਸਿੰਘਨਿੱਝਰ, ਤੀਜੇ ਥਾਂ ਗੁਰੂ ਹਰਸਹਾਏ ਤੋਂ ਫੌਜਾ ਸਿੰਘ ਸਰਾਰੀ, ਚੌਥੇ ਸਮਾਣਾ ਤੋਂ ਚੇਤਨ ਸਿੰਘ ਜੌੜਾਮਾਜਰਾ ਤੇ ਪੰਜਵੇਂ ਥਾਂ ਖਰੜਤੋਂ ਵਿਧਾਇਕ ਅਨਮੋਲ ਗਗਨ ਮਾਨ ਨੂੰ ਗਵਰਨਰਨੇ ਕੈਬਨਿਟ ਮੰਤਰੀ ਵਜੋਂ ਅਹੁਦੇ ਤੇ ਭੇਦ ਗੁਪਤ ਰੱਖਣ ਦੀ



ਸਹੁੰ ਚੁਕਾਈ। ਪੰਜਾਬਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਮਗਰੋਂ ਭਗਵੰਤ ਮਾਨ ਦੀ ਅਗਵਾਈ ਵਾਲੇ ਮੰਤਰੀ ਮੰਡਲ ਵਿੱਚ ਇਸ ਪਹਿਲੇਵਾਧੇ ਵਿੱਚ ਪੰਜ ਹੋਰ ਮੰਤਰੀਆਂ ਨਾਲ ਮੁੱਖ ਮੰਤਰੀ ਸਮੇਤ 15 ਮੰਤਰੀ ਹੋ ਗਏ ਹਨ।

ਹਲਕਾ ਸੁਨਾਮ ਦੇ ਵਿਧਾਇਕ ਅਮਨ ਅਰੋੜਾ, ਜਿਨ੍ਹਾਂ ਨੇ ਵਿਧਾਨ ਸਭਾ ਚੋਣਾਂ ਵੇਲੇਰਾਜਵਿੱਚ ਸਭ ਤੋਂ ਵੱਧ ਵੋਟਾਂ ਨਾਲ ਸੀਟ ਜਿੱਤੀ ਸੀ, ਨੂੰ ਮੰਤਰੀ ਬਣਾਇਆ ਗਿਆ ਹੈ।ਉਨ੍ਹਾਦੀ ਲਗਾਤਾਰ ਦੂਸਰੀ ਜਿੱਤ ਵੇਲੇ ਸਾਰੇ ਵਿਰੋਧੀਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਸਾਬਕਾ ਮੰਤਰੀ ਮਰਹੂਮ ਭਗਵਾਨ ਦਾਸ ਅਰੋੜਾ ਦੇ ਦੇਹਾਂਤ ਤੋਂ 22 ਸਾਲ ਦੇ ਬਾਅਦ ਉਨ੍ਹਾਂ ਦੇ ਪੁੱਤਰ ਅਮਨ ਨੂੰ ਮੰਤਰੀ ਬਣਨ ਦਾ ਮੌਕਾ ਮਿਲਿਆ ਹੈ।ਅਮਨ ਦੇ ਪਿਤਾ ਭਗਵਾਨ ਦਾਸ ਅਰੋੜਾ 1992-1997 ਤੱਕ ਮੰਤਰੀ ਤੇ 1997-2000 ਤੱਕ ਵਿਧਾਇਕ ਰਹੇ ਸਨ ਅਤੇ 2000 ਵਿੱਚ ਉਨ੍ਹਾਂ ਦੇ ਦੇਹਾਂਤਪਿੱਛੋਂ ਹਲਕਾ ਸੁਨਾਮ ਤੋਂ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ 2007-2012 ਤੱਕ ਵਿਧਾਇਕ ਤੇ ਫਿਰ ਦੋ ਵਾਰੀ ਮੰਤਰੀ ਬਣੇ ਸਨ। ਅਮਨ ਅਰੋੜਾ ਨੇ ਆਪਣੇ ਪਿਤਾ ਅਤੇ ਸਾਬਕਾ ਮੰਤਰੀ ਭਗਵਾਨ ਦਾਸ ਅਰੋੜਾ ਦੀ ਮੌਤ ਪਿੱਛੋਂ ਕਾਂਗਰਸ ਵੱਲੋਂ ਰਾਜਨੀਤੀ ਸ਼ੁਰੂ ਕੀਤੀ, ਪਰ ਓਥੇ ਖਾਸ ਸਫਲਤਾ ਨਾ ਮਿਲਣ ਉੱਤੇ ਜਨਵਰੀ 2016 ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਅਗਲੇ ਸਾਲ ਵਿਧਾਇਕ ਬਣ ਗਏ।

ਅੰਮ੍ਰਿਤਸਰ ਦੱਖਣੀ ਵੱਲੋਂ ਵਿਧਾਇਕ ਡਾ: ਇੰਦਰਬੀਰ ਸਿੰਘ ਨਿੱਝਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਨ। ਉਹ 2017 ਵਿੱਚ ਵੀ ਇਸ ਹਲਕੇ ਤੋਂ ਚੋਣ ਲੜੇ ਤੇ ਦੂਸਰੇ ਥਾਂ ਰਹੇ ਸਨ।ਇਸ ਵਾਰੀ ਜਿੱਤਣ ਪਿੱਛੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂਉਹ ਪ੍ਰੋ-ਟੈਮ ਸਪੀਕਰ (ਵਿਧਾਨ ਸਭਾ ਦਾ ਵਕਤੀ ਸਪੀਕਰ) ਵੀ ਬਣਾਏ ਗਏ ਸਨ।ਉਹ ਚੀਫ ਖਾਲਸਾ ਦੀਵਾਨ ਦੇ ਚੁਣੇ ਹੋਏ ਪ੍ਰਧਾਨ ਹਨ। ਅੰਮ੍ਰਿਤਸਰ ਦੱਖਣੀ ਤੋਂ ਡਾ: ਇੰਦਰਬੀਰ ਸਿੰਘ ਨਿੱਝਰ ਨੂੰ 53,053 ਵੋਟ ਮਿਲੇ ਤੇ ਉਨ੍ਹਾਂ ਦੇ ਨੇੜਲੇ ਵਿਰੋਧੀ ਅਕਾਲੀ ਦਲ ਦੇ ਤਲਬੀਰ ਸਿੰਘ ਗਿੱਲ ਨੂੰ ਇਸ ਤੋਂ ਅੱਧੇ ਤੋਂ ਘੱਟ 25,550 ਤੇ ਕਾਂਗਰਸ ਦੇ ਇੰਦਰਬੀਰ ਸਿੰਘ ਬੁਲਾਰੀਆ ਨੂੰ 22,467 ਵੋਟੇ ਸਨ।

ਸਾਬਕਾ ਪੁਲਸ ਇੰਸਪੈਕਟਰ ਫ਼ੌਜਾ ਸਿੰਘ ਸਰਾਰੀ ਫਿਰੋਜ਼ਪੁਰ ਜ਼ਿਲੇ ਦੇ ਹਲਕਾ ਗੁਰੂ ਹਰਸਹਾਏ ਤੋਂ ਚੋਣ ਜਿੱਤੇ ਸਨ।ਉਹ ਪੰਜਾਬ ਪੁਲਿਸ ਵਿੱਚਸਿਪਾਹੀ ਤੋਂ ਇੰਸਪੈਕਟਰ ਤੱਕ ਸੇਵਾ ਕਰ ਚੁੱਕੇ ਹਨ ਅਤੇ ਰਾਏ ਸਿੱਖ ਭਾਈਚਾਰੇਵਿੱਚ ਬਹੁਤ ਤਕੜੀ ਭੱਲ ਵਾਲੇ ਆਗੂ ਹਨ।ਗਗਨਦੀਪ ਕੌਰ ਉਰਫ ਅਨਮੋਲ ਗਗਨ ਮਾਨ ਅਜੇ 16 ਸਾਲ ਦੀ ਸੀ, ਜਦੋਂ ਫੋਕ, ਭੰਗੜਾ ਤੇ ਗਿੱਧੇ ਵਿੱਚ ਸੰਸਾਰ ਪੱਧਰ ਦੇ ਮੁਕਾਬਲਿਆਂ ਲਈ ਗਈ ਅਤੇ ਇੰਗਲੈਂਡ ਤੇ ਰੂਸ ਵਿੱਚ ਕਲਾ ਦੇ ਜੌਹਰ ਦਿਖਾਏ ਸਨ। ਮਾਨਸਾ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਖਿਲਣ ਦੇ ਕਿਸਾਨ ਪਰਿਵਾਰ ਦੀ ਧੀਉੱਤੇ ਉਸ ਦੇ ਪਿਤਾ ਜੋਧਾ ਸਿੰਘ ਮਾਨ ਦਾ ਚੋਖਾ ਅਸਰ ਹੈ। ਰਾਜਨੀਤੀ ਅਤੇ ਕਲਾ ਦੀ ਗੁੜ੍ਹਤੀ ਵੀ ਉਸ ਨੂੰ ਆਪਣੇ ਪਿਤਾ ਤੋਂ ਮਿਲੀ ਦੱਸੀ ਜਾਂਦੀ ਹੈ।

## ਸ਼ਰਾਬ ਪੀਣ ਤੋਂ ਰੋਕਣ ਉਤੇ ਸਾਥੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ

ਦਸੂਹਾ (ਹੁਸ਼ਿਆਰਪੁਰ), 4 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਲਾਵਾਂਲੀਸਾ ਵਿੱਚ ਸ਼ਰਾਬ ਪੀਣੋਂ ਮਨ੍ਹਾ ਕਰਨ ਉੱਤੇ ਇੱਕ ਵਿਅਕਤੀ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਬਿਹਾਰ ਦੇ ਅਰਰੀਆ ਜ਼ਿਲ੍ਹੇ ਦੇ ਥਾਣਾ ਪਲਾਸੀ ਦੇ ਤਹਿਤ ਆਉਂਦੇ ਮਜੁਯਾ ਪਿੰਡ ਦੇ ਦਲਾਲ ਮੰਡਲ ਦੇ ਰੂਪ ਵਿੱਚ ਹੋਈ ਹੈ। ਦੋਸ਼ੀਆਂ ਦੀ ਪਛਾਣ ਪੰਕਜ ਕੁਮਾਰ ਮੰਡਲ ਤੇ ਉਸ ਦੇ ਪਿਤਾ ਰਾਮਾਨੰਦ ਮੰਡਲ ਦੇ ਰੂਪ ਵਿੱਚ ਹੋਈ ਹੈ। ਦੋਵੇਂ ਦੋਸ਼ੀ ਮ੍ਰਿਤਕ ਦੇ ਪਿੰਡ ਦੇ ਵਾਸੀ ਹਨ। ਕੁਝ ਦਿਨ ਪਹਿਲਾਂ ਝੋਨੇ ਦੀ ਬਿਜਾਈ ਲਈ ਦਲਾਲ ਮੰਡਲ ਆਪਣੇ ਸਾਥੀਆਂ ਨਾਲ ਬਿਹਾਰ ਤੋਂ ਜ਼ਿਲਾ ਹੁਸ਼ਿਆਰਪੁਰ ਵਿੱਚ ਆਇਆ ਸੀ। ਉਸ ਦੇ ਨਾਲ ਉਸ ਦੇ ਦੋ ਬੇਟੇ ਸਤੀਸ਼ ਕੁਮਾਰਤ ਤੇ ਬਮਬਮ ਕੁਮਾਰ ਵੀ ਆਏ ਸਨ। ਪੁਲਸ ਨੇ ਇਸ ਮਾਮਲੇ ਵਿੱਚ ਇੱਕ ਦੋਸ਼ੀ ਪੰਕਜ ਮੰਡਲ ਨੂੰ ਫੜ ਲਿਆ ਹੈ, ਜਦ ਕਿ ਉਸ ਦਾ ਪਿਤਾ ਰਾਮਾਨੰਦ ਮੰਡਲ ਕਤਲ ਦੇ ਬਾਅਦ ਫਰਾਰ ਹੋ ਗਿਆ।ਮ੍ਰਿਤਕ ਦੇ ਬੇਟੇ ਸਤੀਸ਼ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਉਹ ਮੁਖਤਿਆਰ ਸਿੰਘ ਦੇ ਖੇਤ ਵਿੱਚ ਝੋਨੇ ਦੀ ਬਿਜਾਈ ਕਰਦੇ ਅਤੇ ਰਾਤ ਨੂੰ ਖੇਤ ਵਿੱਚ ਬਣੇ ਕਮਰੇ ਵਿੱਚ ਰਹਿੰਦੇ ਸਨ। ਪੰਕਜ ਤੇ ਉਸ ਦਾ ਪਿਤਾ ਰਾਮਾਨੰਦ ਸ਼ਰਾਬ ਦੇ ਆਦੀ ਹਨ। ਅਕਸਰ ਸ਼ਰਾਬ ਪੀਣ ਪਿੱਛੋਂ ਉਹ ਆਪਸ ਵਿੱਚ ਝਗੜਾ ਕਰਦੇ ਸਨ। ਇਸ ਲਈ ਉਸ ਦਾ ਪਿਤਾ ਦਲਾਲ ਮੰਡਲ ਉਨ੍ਹਾਂ ਨੂੰ ਸ਼ਰਾਬ ਪੀਣ ਤੋਂ ਰੋਕਦਾ ਸੀ। ਸ਼ਨੀਵਾਰ ਰਾਤ ਨੂੰ ਪੰਕਜ ਤੇ ਉਸ ਦੇ ਪਿਤਾ ਰਾਮਾਨੰਦ ਸ਼ਰਾਬ ਪੀਣ ਲੱਗੇ ਤਾਂ ਉਸ ਦੇ ਪਿਤਾ ਨੇ ਉਨ੍ਹਾਂ ਨੂੰ ਸ਼ਰਾਬ ਪੀਣ ਤੋਂ ਰੋਕਿਆ। ਇਸ ਉੱਤੇ ਬਾਪ-ਬੇਟੇ ਨੇ ਕੁੱਟ-ਕੁੱਟ ਕੇ ਉਸ ਦੇ ਪਿਤਾ ਦੀ ਹੱਤਿਆ ਕਰ ਦਿੱਤੀ। ਪੁਲਸ ਇਸ ਬਾਰੇ ਲੋੜੀਂਦੀ ਕਾਰਵਾਈ ਕਰ ਰਹੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਸਕਾਰਬਰੋ ਵਿੱਚ ਕਈ ਗੱਡੀਆਂ ਟਕਰਾਉਣ ਕਾਰਨ 1 ਹਲਾਕ, 3 ਜ਼ਖ਼ਮੀ

ਸਕਾਰਬਰੋ, 4 ਜੁਲਾਈ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਸਕਾਰਬਰੋ ਵਿੱਚ ਕਈ ਗੱਡੀਆਂ ਦੀ ਆਪਸ ਵਿੱਚ ਹੋਈ ਟੱਕਰ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ।

ਕਈ ਗੱਡੀਆਂ ਦੇ ਟਕਰਾਅ ਜਾਣ ਦੀ ਖਬਰ ਮਿਲਣ ਤੋਂ ਬਾਅਦ ਐਮਰਜੰਸੀ ਅਮਲਾ ਰਾਤੀਂ 10:45 ਉੱਤੇ ਵਾਰਡਨ ਤੇ ਸੇਂਟ ਕਲੇਅਰ ਐਵਨਿਊਜ਼ ਦੇ ਲਾਂਘੇ ਉੱਤੇ ਪਹੁੰਚਿਆ। ਪੁਲਿਸ ਨੇ ਦੱਸਿਆ ਕਿ ਇੱਕ ਗੱਡੀ ਸਾਹਮਣੇ ਵਾਲੀ ਗੱਡੀ ਨਾਲ ਪਿੱਛੋਂ ਜਾ ਟਕਰਾਈ ਤੇ ਫਿਰ ਤੀਜੀ ਕਾਰ ਉਸ ਦੇ ਪਿੱਛੇ ਜਾ ਟਕਰਾਈ। ਜਿੰਨੀਆ ਗੱਡੀਆਂ ਇਸ ਹਾਦਸੇ ਵਿੱਚ ਟਕਰਾਈਆਂ ਸਾਰੀਆਂ ਦੇ ਡਰਾਈਵਰ ਵੀ ਮੌਕੇ ਉੱਤੇ ਹੀ ਮੌਜੂਦ ਰਹੇ।




ਸਭ ਤੋਂ ਪਹਿਲੀ ਗੱਡੀ ਚਲਾ ਰਹੇ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਤਿੰਨ ਹੋਰਨਾਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ ਤੇ ਦੋ ਹੋਰਨਾਂ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਦਾ ਕਾਰਨ ਸ਼ਰਾਬ ਨਹੀਂ ਸੀ।

ਵਾਰਡਨ ਐਵਨਿਊ ਦੀਆਂ ਦੱਖਣ ਵਾਲੀਆਂ ਲੇਨਜ਼ ਨੂੰ ਸੇਂਟ ਕਲੇਅਰਜ਼ ਕੋਲ ਜਾਂਚ ਲਈ ਬੰਦ ਕਰ ਦਿੱਤਾ ਗਿਆ ਪਰ ਬਾਅਦ ਵਿੱਚ ਸਾਰੀਆਂ ਲੇਨਜ਼ ਨੂੰ ਖੋਲ੍ਹ ਦਿੱਤਾ ਗਿਆ।

## ਟੋਰਾਂਟੋ ਵਿੱਚ ਰਸ਼ ਆਰ ਜੋਨਜ਼ ਵਿੱਚ ਪਾਰਕ ਕੀਤੇ ਜਾਣ ਵਾਲੇ ਵਾਹਨਾਂ ਨੂੰ ਕੀਤਾ ਜਾਵੇਗਾ ਟੋਅ

ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਸਮੇਂ ਦੇ ਹਿਸਾਬ ਨਾਲ ਪਾਬੰਦੀਸ਼ੁਦਾ ਇਲਾਕੇ ਵਿੱਚ ਗੱਡੀ ਰੋਕਣ ਤੇ ਬਾਈਸਾਈਕਲ ਲੇਨ ਵਿੱਚ ਅਚਾਨਕ ਰੁਕਣ ਵਾਲੇ ਨੂੰ 150 ਡਾਲਰ ਦਾ ਜੁਰਮਾਨਾ ਵੀ ਲਾਇਆ ਜਾਵੇਗਾ। ਟੋਅ ਕਰਕੇ ਗੱਡੀਆਂ ਨੂੰ ਇੰਪਾਊਂਡ ਕਰਨ ਵਾਲੀ ਥਾਂ ਤੋਂ ਵਾਪਿਸ ਲੈਣਾ ਹੋਵੇਗਾ ਤਾਂ ਉਸ ਦੇ ਲਈ ਵੀ ਸੈਂਕੜੇ ਡਾਲਰ ਹੋਰ ਲੱਗਣਗੇ।

ਟਰੈਫਿਕ ਸਰਵਿਸਿਜ਼ ਸੁਪਰਡੈਂਟ ਸਕੌਟ ਬੈਪਟਿਸਟ ਨੇ ਕੁੱਝ ਸਮਾਂ ਪਹਿਲਾਂ ਇੱਕ ਬਿਆਨ ਵਿੱਚ ਆਖਿਆ ਸੀ ਕਿ ਇਨ੍ਹਾਂ ਨਿਯਮਾਂ ਦੀ ਮੁੜ ਤੋਂ ਪਾਲਣਾ ਕਰਨ ਨਾਲ ਸਾਡੀ ਸਿਟੀ ਵਿੱਚ ਟਰੈਫਿਕ ਸੁਚਾਰੂ ਢੰਗ ਨਾਲ ਚੱਲਦਾ ਰਹੇਗਾ ਤੇ ਲੋਕਾਂ ਨੂੰ ਵੀ ਆਪਣੇ ਕੰਮਕਾਜ ਆਸਾਨੀ ਨਾਲ ਕਰਨ ਵਿੱਚ ਮਦਦ ਮਿਲੇਗੀ। ਇਹ ਜੁਰਮਾਨੇ ਸਕੂਲ ਜੋਨਜ਼ ਵਾਲੀਆਂ ਰਿਹਾਇਸ਼ੀ ਸੜਕਾਂ ਉੱਤੇ ਪਾਬੰਦੀਸ਼ੁਦਾ ਇਲਾਕੇ ਵਿੱਚ ਸਵੇਰੇ 8:00 ਵਜੇ ਤੋਂ 9:00 ਵਜੇ ਤੱਕ ਗੱਡੀਆਂ ਖੜ੍ਹੀਆਂ ਕਰਨ ਵਾਲਿਆਂ ਤੋਂ ਵੀ ਵਸੂਲੇ ਜਾਣਗੇ। ਇਹ ਨਿਯਮ ਕੁਰੀਅਰ ਤੇ ਡਲਿਵਰੀ ਵਾਲੀਆਂ ਗੱਡੀਆਂ ਉੱਤੇ ਵੀ ਲਾਗੂ ਹੋਣਗੇ।

## ਹਾਈ ਕੋਰਟ ਵੱਲੋਂ ਬਹਿਬਲ ਕਲਾਂ ਬਾਰੇ ਪਟੀਸ਼ਨਾਂ ਰੱਦ ਕਰਨ ਦੀ ਮੁੱਖ ਮੰਤਰੀ ਮਾਨ ਵੱਲੋਂ ਸ਼ਲਾਘਾ

ਚੰਡੀਗੜ੍ਹ, 4 ਜੁਲਾਈ, (ਪੋਸਟ ਬਿਊਰੋ)- ਬਰਗਾੜੀ ਦੇ ਬੇਅਦਬੀ ਕਾਂਡ ਪਿੱਛੋਂ ਰੋਸ ਕਰਦੀ ਸਿੱਖ ਸੰਗਤ ਉੱਤੇ ਚਲਾਈ ਗਈ ਗੋਲੀ ਵਾਲੇ ਬਹਿਬਲ ਕਲਾਂ ਕਾਂਡਦੇ ਕੇਸਅਤੇ ਜਾਂਚ ਨੂੰ ਰੱਦ ਕਰਨ ਬਾਰੇ ਦਾਇਰ ਵੱਖ-ਵੱਖ ਪਟੀਸ਼ਨਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਰੱਦ ਕਰਨ ਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਸਵਾਗਤ ਕੀਤਾ ਹੈ।


ਮੁੱਖ ਮੰਤਰੀਨੇ ਕਿਹਾ ਕਿ ਇਸ ਫੈਸਲੇ ਨੇ ਬਹਿਬਲ ਕਲਾਂ ਵਿੱਚ ਬੇਕਸੂਰ ਲੋਕਾਂ ਉੱਪਰਫਾਇਰਿੰਗ ਕਰਨ ਵਾਲੇ ਪੁਲਸ ਅਫਸਰਾਂ ਵਿਰੁੱਧ ਕਾਰਵਾਈ ਲਈਸਰਕਾਰ ਦਾ ਰਸਤਾਸਾਫ ਕਰ ਦਿੱਤਾ ਹੈ।ਉਨ੍ਹਾਂ ਨੇ ਵਿਰੋਧੀਆਂਬਾਰੇ ਕਿਹਾ ਕਿ ਇਸ ਕੇਸਦੇ ਦੋਸ਼ੀਆਂ ਨੂੰ ਬਚਾਉਣ ਲਈ ਅਕਾਲੀ-ਭਾਜਪਾ ਦੀ ਮਿਲੀਭੁਗਤ ਸੀਅਤੇ ਪਿੱਛੋਂ ਕਾਂਗਰਸ ਸਰਕਾਰ ਦੀ ਵੀ। ਉਨ੍ਹਾਂ ਕਿਹਾ ਕਿ ਜਦੋਂ ਅਕਾਲੀ ਸਰਕਾਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਫਿਰ ਪ੍ਰਦਰਸ਼ਨ ਕਰਦੇ ਬੇਕਸੂਰ ਲੋਕਾਂ ਉੱਤੇ ਗੋਲੀ ਚਲਾਉਣ ਦੀਆਂ ਘਟਨਾਵਾਂ ਵਾਪਰੀਆਂ ਤਾਂ ਕਾਂਗਰਸ ਨੇ ਕੋਟਕਪੂਰਾ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਦੀ ਪੈਰਵੀ ਠੋਸ ਢੰਗ ਨਾਲ ਨਾ ਕਰਕੇ ਇਸ ਦੇ ਦੋਸ਼ੀਆਂ ਨੂੰ ਬਚਾਉਣ ਕੰਮ ਕੀਤਾ ਸੀ।ਮੁੱਖ ਮੰਤਰੀ ਨੇ ਕਿਹਾ ਕਿ ਇਸਵਿਹਾਰ ਕਾਰਨ ਹਾਈ ਕੋਰਟ ਨੇ ਸਿਆਸੀ ਆਗੂਆਂ ਤੇ ਸੀਨੀਅਰ ਅਫਸਰਾਂ ਖ਼ਿਲਾਫ਼ ਪੇਸ਼ ਕੀਤਾ ਚਲਾਨ ਵੀ ਰੱਦ ਕਰ ਦਿੱਤਾ ਸੀ।ਉਨ੍ਹਾ ਕਿਹਾ ਕਿ ਅਕਾਲੀ-ਕਾਂਗਰਸੀ ਗਠਜੋੜ ਦੋਸ਼ੀਆਂ ਦੇ ਬਚਾਅਵਾਲੀ ਢਾਲ ਸੀ, ਪਰਸਾਡੀ ਸਰਕਾਰ ਨੇ ਕਿਉਂਕਿ ਇਸ ਕੇਸ ਦੀ ਜ਼ੋਰਦਾਰ ਢੰਗ ਨਾਲ ਪੈਰਵੀ ਕੀਤੀ ਹੈ, ਏਸੇ ਲਈ ਦੋਸ਼ੀਆਂ ਦਾ ਕੇਸ ਟਿਕ ਨਹੀਂ ਸਕਿਆ।

ਵਰਨਣ ਯੋਗ ਹੈ ਕਿ ਬਹਿਬਲ ਕਲਾਂ ਕਾਂਡ ਦੇ ਦੋਸ਼ੀ ਪੁਲਸ ਅਫਸਰਾਂ ਵਿਰੁੱਧ ਹੇਠਲੀ ਅਦਾਲਤ ਵਿੱਚ ਪੇਸ਼ ਹੋਏ ਚਲਾਨ ਨੂੰ ਰੱਦ ਕਰਨ ਲਈ ਦੋਸ਼ੀਆਂ ਦੀਆਂ ਪਟੀਸ਼ਨਾਂ ਨੂੰ ਅੱਜ ਪੰਜਾਬ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ।ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਦੀ ਦਲੀਲ ਮੰਨਦਿਆਂ ਕੋਰਟ ਨੇ ਕਿਹਾ ਕਿ ਮਜ਼ਬੂਤ ਸ਼ੱਕ ਦੇ ਆਧਾਰ ਉੱਤੇ ਵੀ ਚਲਾਣ ਪੇਸ਼ ਹੋ ਸਕਦੇ ਹਨ। ਅਦਾਲਤ ਨੇ ਆਈ ਜੀ ਨੌਨਿਹਾਲ ਸਿੰਘ ਵਾਲੀ ਵਿਸ਼ੇਸ਼ ਜਾਂਚ ਟੀਮ ਨੂੰ ਅਗਲੀ ਜਾਂਚ ਕਰਨ ਅਤੇ ਧਾਰਾ 173 ਸੀਆਰਪੀਸੀ ਹੇਠ ਆਪਣੀ ਰਿਪੋਰਟ ਹੇਠਲੀ ਅਦਾਲਤ ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

## ਬਰਗਾੜੀ ਬੇਅਦਬੀ ਕੇਸ: ਸਾਬਕਾ ਡੀ ਜੀ ਪੀ ਸੈਣੀ ਤੇ ਸਾਬਕਾ ਆਈ ਜੀ ਉਮਰਾਨੰਗਲ ਨੂੰ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ

ਚੰਡੀਗੜ੍ਹ, 4 ਜੁਲਾਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਵਾਪਰੇ ਬਰਗਾੜੀ ਦੇ ਬੇਅਦਬੀ ਕੇਸ ਤੋਂ ਬਾਅਦ ਹੋਏ ਗੋਲ਼ੀਕਾਂਡ ਦੇ ਦੋਸ਼ੀ ਪੁਲਿਸ ਅਫਸਰਾਂ ਨੂੰ ਕੋਈ ਰਾਹਤ ਨਾ ਦੇ ਕੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਨੂੰ ਆਪਣੀ ਮੰਗ ਬਾਰੇ ਟਰਾਇਲ ਕੋਰਟ ਅੱਗੇਆਪਣੀ ਗੱਲ ਕਹਿਣ ਦੇ ਹੁਕਮ ਦਿੱਤੇ ਹਨ।

ਹਾਈ ਕੋਰਟ ਦੇ ਜਸਟਿਸ ਰਾਜ-ਮੋਹਨ ਸਿੰਘ ਨੇ ਇਹ ਅੱਜ ਹੁਕਮ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ, ਸਸਪੈਂਡਿਡਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਇੰਸਪੈਕਟਰ ਗੁਰਦੀਪ ਸਿੰਘ ਅਤੇ ਸੁਹੇਲ ਸਿੰਘ ਬਰਾੜ ਦੀਆਂ ਪਟੀਸ਼ਨਾਂ ਦਾ ਨਿਬੇੜਾ ਕਰਦੇ ਵਕਤਦਿੱਤੇ ਹਨ। ਇਸ ਮੌਕੇ ਕੋਰਟ ਨੇ ਕਿਹਾ ਕਿ ਇਹ ਕੇਸਟਰਾਇਲ ਕੋਰਟ ਵਿੱਚਚੱਲਦਾ ਹੈ ਤੇ ਅਜੇ ਦੋਸ਼ੀਆਂ ਦੇ ਖ਼ਿਲਾਫ਼ ਚਾਰਜ ਫਰੇਮ ਹੋਣੇ ਹਨ। ਜਦੋਂ ਟਰਾਇਲ ਕੋਰਟ ਵਿੱਚ




ਚਾਰਜ ਫਰੇਮ ਕੀਤੇ ਜਾਣ ਤਾਂ ਉਸ ਵੇਲੇ ਉਸ ਕੋਰਟ ਵਿੱਚ ਆਪਣੀ ਦਲੀਲ ਦਿਓ।ਇਸ ਦੇ ਨਾਲ ਟਰਾਇਲ ਕੋਰਟ ਨੂੰ ਹੁਕਮਦਿੱਤੇ ਕਿ ਉਹ ਇਨ੍ਹਾਂ ਸਾਰਿਆਂ ਦੀਆਂ ਅਰਜ਼ੀਆਂ ਉੱਤੇ ਇਕੱਠੇ ਸੁਣਵਾਈ ਕਰ ਕੇ ਤੈਅ ਕਾਨੂੰਨ ਹੇਠ ਹੁਕਮ ਜਾਰੀ ਕਰੇ। ਹਾਈ ਕੋਰਟ ਨੇ ਕਿਹਾ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਦੋਵੇਂ ਕੇਸ ਇਕ ਦੂਸਰੇ ਨਾਲ ਜੁੜੇ ਹਨ ਤੇ ਇੱਕ ਕੇਸ ਦੀ ਜਾਂਚ ਰਿਪੋਰਟ ਦੀ ਗ਼ੈਰ-ਮੌਜੂਦਗੀ ਵਿੱਚ ਦੂਸਰੇ ਕੇਸ ਦੀ ਜਾਂਚ ਪੂਰੀ ਨਹੀਂ ਹੋ ਸਕਦੀ। ਕੋਟਕਪੂਰਾ ਕੇਸ ਦੀ ਜਾਂਚ ਹਾਈ ਕੋਰਟ ਦੇ ਹੁਕਮਾਂ ਉੱਤੇਐਡੀਸ਼ਨਲ ਡੀ ਜੀ ਪੀ, ਐੱਲਕੇ ਯਾਦਵ ਦੀ ਪ੍ਰਧਾਨਗੀ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਕਰ ਰਹੀ ਹੈ ਅਤੇ ਬਹਿਬਲ ਕਲਾਂ ਅਤੇ ਬਾਜਾਖਾਨਾ ਕੇਸ ਦੀ ਜਾਂਚ ਆਈ ਜੀ ਨੌਨਿਹਾਲ ਸਿੰਘ ਦੀ ਐੱਸ ਆਈ ਟੀਕੋਲ ਹੈ। ਹਾਈ ਕੋਰਟ ਨੇ ਕੋਟਕਪੂਰਾ ਤੇ ਬਹਿਬਲ ਕਲਾਂ ਕੇਸ ਦੀ ਜਾਂਚ ਛੇਤੀ ਪੂਰੀ ਕਰ ਕੇ ਇਨ੍ਹਾਂ ਦੀ ਰਿਪੋਰਟ ਟਰਾਇਲ ਕੋਰਟਨੂੰ ਪੇਸ਼ ਕਰਨ ਦੇ ਹੁਕਮ ਵੀ ਕੀਤੇ ਹਨ। ਵਰਨਣ ਯੋਗ ਹੈ ਕਿ ਸਾਬਕਾ ਡੀ ਜੀ ਪੀ ਸੈਣੀ ਨੇ ਆਪਣੇ ਖ਼ਿਲਾਫ਼ ਚਾਰਜਸ਼ੀਟ ਰੱਦ ਕਰਨ ਲਈ ਤੇ ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਆਪਣੇ ਖ਼ਿਲਾਫ਼ ਇਸ ਬਾਰੇ ਦਰਜ ਸ਼ਿਕਾਇਤ ਰੱਦ ਕਰਨਅਤੇ ਇਸੇ ਤਰ੍ਹਾਂ ਹੋਰ ਅਧਿਕਾਰੀਆਂ ਨੇ ਆਪਣੇ ਵਿਰੁੱਧਬਣੇਕੇਸਾਂ ਵਿੱਚਅਦਾਲਤੀ ਕਾਰਵਾਈ ਉੱਤੇ ਰੋਕ ਦੀ ਮੰਗ ਲਈ ਹਾਈ ਕੋਰਟ ਵਿੱਚ ਪਟੀਸ਼ਨਾਂ ਦਾਖ਼ਲ ਕੀਤੀਆਂ ਸਨ, ਜਿਹੜੀਆਂ ਅੱਜ ਰੱਦ ਹੋ ਗਈਆਂ ਹਨ।

## ਗੁਰਦਾਸਪੁਰ ਦਾ ਐੱਸ ਪੀ (ਹੈੱਡਕੁਆਰਟਰ) ਬਲਾਤਕਾਰ ਦੇ ਦੋਸ਼ ਹੇਠ ਗ੍ਰਿਫ਼ਤਾਰ

ਗੁਰਦਾਸਪੁਰ, 4 ਜੁਲਾਈ, (ਪੋਸਟ ਬਿਊਰੋ)- ਜ਼ਿਲਾ ਗੁਰਦਾਸਪੁਰ ਦੇਐੱਸ ਪੀ (ਹੈੱਡਕੁਆਰਟਰ) ਗੁਰਮੀਤ ਸਿੰਘ ਨੂੰ ਅੱਜ ਬਲਾਤਕਾਰ ਦੇ ਇਕ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਜਾਣ ਦੀ ਖ਼ਬਰ ਆਈ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਹਾਈ ਪ੍ਰੋਫਾਈਲ ਕੇਸ ਵਿੱਚ ਅੰਮ੍ਰਿਤਸਰ ਦਿਹਾਤੀ ਪੁਲਸ ਅਤੇ ਮੋਗਾ ਪੁਲਸ ਨੇਪੂਰੀ ਚੁਸਤੀ ਨਾਲ਼ ਗੁਰਮੀਤ ਸਿੰਘ ਨੂੰ ਓਦੋਂ ਗ੍ਰਿਫ਼ਤਾਰ ਕੀਤਾ, ਜਦੋਂ ਉਹ ਅਦਾਲਤੀ ਪੇਸ਼ੀ ਉੱਤੇ ਗਿਆ ਸੀ।ਪਤਾ ਲੱਗਾ ਹੈ ਕਿ ਦੀਨਾਨਗਰ ਦੀ ਇੱਕ ਔਰਤ ਵੱਲੋਂਐੱਸ ਪੀ ਉੱਤੇਬਲਾਤਕਾਰ ਦਾ ਦੋਸ਼ ਲਾਉਣਪਿੱਛੋਂਐੱਸ ਪੀ ਗੁਰਮੀਤ ਸਿੰਘ ਦੇ ਖਿਲਾਫ਼ ਗੁਰਦਾਸਪੁਰ ਸਿਟੀ ਥਾਣੇ ਵਿੱਚ 2 ਜੁਲਾਈ ਨੂੰ ਧਾਰਾ 376 (2) (ਪੁਲਸ ਅਧਿਕਾਰੀ ਵੱਲੋਂ ਸਰਕਾਰੀ ਅਹੁਦੇ ਦਾ ਲਾਭ ਉਠਾ ਕੇ ਬਲਾਤਕਾਰ) ਦਾਕੇਸ ਦਰਜ ਹੋਇਆ ਸੀ। ਇਹ ਕੇਸ ਅਪ੍ਰੈਲ ਤੋਂ ਜਾਂਚ ਅਧੀਨ ਸੀ, ਜਦੋਂ ਉਸ ਔਰਤ ਨੇ ਪਹਿਲੀ ਵਾਰ ਦਾਅਵਾ ਕੀਤਾ ਸੀ ਕਿ ਉਸ ਨਾਲ ਬਲਾਤਕਾਰਹੋਇਆ ਹੈ।ਉਸ ਨੇ ਦੱਸਿਆ ਸੀ ਕਿ ਉਸ ਦਾ ਆਪਣੇ ਪਤੀ ਨਾਲ ਝਗੜਾ ਚੱਲਦਾ ਸੀ, ਜਿਸ ਦੀ ਜਾਂਚ ਬਾਰੇ ਉਸਐੱਸ ਪੀ ਉਸ ਦੇ ਸੰਪਰਕ ਵਿੱਚ ਸੀ। ਔਰਤ ਵੱਲੋਂ ਗੁਰਮੀਤ ਸਿੰਘ ਉੱਤੇ ਲਾਏ ਦੋਸ਼ਾਂ ਪਿੱਛੋਂ ਪੰਜਾਬ ਪੁਲਸ ਹੈੱਡਕੁਆਰਟਰ ਵੱਲੋਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਗਈ ਸੀ, ਜਿਸ ਦੀ ਅਗਵਾਈ ਅੰਮ੍ਰਿਤਸਰ (ਦਿਹਾਤੀ) ਦੇ ਐੱਸਐੱਸਪੀ ਸਵਰਨਦੀਪ ਸਿੰਘ ਕਰਦੇ ਸਨ। ਮੁੱਢਲੀ ਜਾਂਚ ਪਿੱਛੋਂਐੱਸ ਪੀ ਖਿਲਾਫ 2 ਜੁਲਾਈ ਨੂੰ ਥਾਣਾ ਸਿਟੀ ਗੁਰਦਾਸਪੁਰਵਿਖੇਕੇਸ ਦਰਜ ਕੀਤਾ ਗਿਆ ਤੇ ਅੱਜ ਸਵੇਰੇ ਉਸ ਨੂੰ ਮੋਗਾ ਤੋਂ ਗ੍ਰਿਫ਼ਤਾਰ ਕੀਤਾ ਗਿਆ, ਜਿੱਥੇ ਉਹ ਅਦਾਲਤੀ ਪੇਸ਼ੀ ਲਈ ਗਿਆ ਸੀ। ਇਸ ਗ੍ਰਿਫ਼ਤਾਰੀ ਵਿੱਚ ਅੰਮ੍ਰਿਤਸਰ (ਰੂਰਲ) ਤੇ ਮੋਗਾ ਪੁਲਸ ਦੀ ਸਾਂਝੀ ਟੀਮ ਨੇ ਦਾ ਯੋਗਦਾਨ ਸੀ। ਡੀ ਐੱਸ ਪੀ ਰਵਿੰਦਰ ਸਿੰਘ ਅਤੇ ਇੰਸਪੈਕਟਰ ਹਰਜੀਤ ਕੌਰ, ਜਿਹੜੇ ਦੋਵੇਂ ਜਣੇ ਐੱਸ ਆਈ ਟੀ ਦੇ ਮੈਂਬਰ ਸਨ, ਇਸ ਅਧਿਕਾਰੀ ਨੂੰ ਹਿਰਾਸਤ ਵਿੱਚ ਲੈਣ ਮੋਗਾ ਗਏ ਸਨ।

## ‘ਨਿੱਕੇ ਨਾਟਕ ਵੱਡੀਆਂ ਗੱਲਾਂ-ਸੀਜ਼ਨ 2’ ਦੀ ਪੇਸ਼ਕਾਰੀ 24 ਜੁਲਾਈ ਨੂੰ

ਬਰੈਂਪਟਨ ਦੇ ਪੀਅਰਸਨ ਥੀਏਟਰ ਵਿੱਚ ਖੇਡੇ ਜਾਣਗੇ ਤਿੰਨ ਨਵੇਂ ਸ਼ੋਰਟ ਨਾਟਕ ਟੋਰਾਂਟੋ ਦੀ ਨਾਮੀ ਗਿਰਾਮੀ ਪੰਜਾਬੀ ਥੀਏਟਰ ਸੰਸਥਾ, ਪੰਜਾਬੀ ਆਰਟਸ ਐਸੋਸੀਏਸ਼ਨ ਇਸ ਸਾਲ ਤਿੰਨ ਨਵੇਂ ਥੀਏਟਰ ਨਾਟਕਾਂ ਦੀ ਪੇਸ਼ਕਾਰੀ ਲੈ ਕੇ ਤਿਆਰ ਹੈ। “ਨਿੱਕੇ ਨਾਟਕ ਵੱਡੀਆਂ ਗੱਲਾਂ” ਨਾਟਕ ਇਸ 24 ਜੁਲਾਈ ਨੂੰ ਸ਼ਾਮ 5:30 ਵਜੇ ਬਰੈਂਪਟਨ ਦੇ ਲੈਸਟਰ ਬੀ ਪੀਅਰਸਨ ਥੀਏਟਰ (150 ਸੈਂਟਰਲ ਪਾਰਕ, ਬਰੈਂਪਟਨ) ਵਿੱਚ ਖੇਡੇ ਜਾਣਗੇ। ਨਿੱਕੇ ਨਾਟਕ ਵੱਡੀਆਂ ਗੱਲਾਂ: ਸੀਜ਼ਨ 2 ਵਿੱਚ ਤਿੰਨ ਸ਼ੋਰਟ ਨਵੇਂ ਨਾਟਕ ਗਊਮੁਖਾ ਸ਼ੇਰਮੁਖਾ, ਬੇਬੇ ਸੁੱਤੀ ਪਈ ਏ ਅਤੇ ਸਟੂਡੈਂਟ ਲਾਈਫ ਦੀ ਪੇਸ਼ਕਾਰੀ ਕੀਤੀ ਜਾਵੇਗੀ। ਹਰ ਵਾਰ ਦੀ ਤਰਾਂ ਸੰਸਥਾ ਦੇ ਕਲਾਕਾਰ ਨਵੀਆਂ ਕਹਾਣੀਆ ਜਰੀਏ ਕੈਨੇਡਾ ਵਿੱਚ ਵਸਤੇ ਪਰਵਾਸੀਆਂ ਦੇ ਮੁੱਦਿਆਂ, ਮੌਜੂਦਾ ਹਾਲਾਤਾਂ ਅਤੇ ਹੋਰ ਮਸਲਿਆਂ ਨੂੰ ਵਿਅੰਗ ਅਤੇ ਹਾਸੇ ਠੱਠੇ ਨਾਲ ਦਰਸ਼ਕਾ ਅੱਗੇ ਪੇਸ਼ ਕਰਨ ਦੀ ਕੋਸ਼ਿਸ਼ ਕਰਨਗੇ।

ਇਹਨਾ ਸ਼ੌਰਟ ਨਾਟਕਾਂ ਦੀਆਂ ਕਹਾਣੀਆਂ ਬੜੀਆਂ ਦਿਲਚਸਪ ਹਨ ਅਤੇ ਬਰੈਂਪਟਨ ਸ਼ਹਿਰ ਦੇ ਸਮਾਜਿਕ ਹਲਾਤਾਂ ਜਿਵੇਂ ਕੇ ਰੀਅਲ ਅਸਟੇਟ




ਅਤੇ ਹਾਊਸਿੰਗ ਦੀ ਸਮੱਸਿਆ, ਬਜ਼ੁਰਗਾਂ ਦੀ ਮਾਨਸਿਕ ਸਿਹਤ ਅਤੇ ਇੰਟਰਨੈਸ਼ਨਲ ਸਟੂਡੈਂਟਸ ਦੇ ਜੀਵਨ ਵੱਲ ਇਸ਼ਾਰਾ ਕਰਦੀਆ ਹਨ। ਪਹਿਲਾ ਨਾਟਕ “ਬੇਬੇ ਸੁੱਤੀ ਪਈ ਏ” ਮਨਿੰਦਰ ਬਜਵਾੜਾ ਵਲੋਂ ਲਿਖਿਆ ਗਿਆ ਹੈ ਅਤੇ ਨਵਜੋਤ ਸਿੰਘ ਨਰੂਲਾ ਇਸ ਨੂੰ ਡਾਇਰੈਕਟ ਕਰ ਰਹੇ ਹਨ, ਦੂਜਾ ਨਾਟਕ “ਗਊਮੁਖਾ ਸ਼ੇਰਮੁਖਾ” ਰਣਜੋਧ ਸਿੰਘ ਵਲੋਂ ਲਿਖਿਆ ਗਿਆ ਹੈ ਅਤੇ ਪ੍ਰੀਤ ਸੰਘਾ ਦੀ ਡਾਇਰੈਕਸ਼ਨ ਹੋਵੇਗੀ, ਇਹ ਨਾਟਕ ਗੁਰਚਰਨ ਸਿੰਘ ਜਸੂਜਾ ਦੇ ਰੇਡੀਓ ਪਲੇਅ ਦਾ ਕੈਨੇਡੀਅਨ ਰੂਪਾਤਰ ਹੈ। ਤੀਜਾ ਨਾਟਕ “ਸਟੂਡੈਂਟ ਲਾਇਫ” ਸਰਬਜੀਤ ਅਰੋੜਾ ਵਲੋਂ ਲਿਖਿਆ ਗਿਆ ਹੈ ਅਤੇ ਜਗਵਿੰਦਰ ਜੱਜ ਇਸ ਨੂੰ ਡਾਇਰੈਕਟ ਕਰਨਗੇ। ਟਿਕਟਾਂ ਦੀ ਜਾਣਕਾਰੀ ਲਈ ਪੰਜਾਬੀ ਆਟਰਸ ਐਸੋਸੀਏਸ਼ਨ ਦੀ ਵ ੈ ੱ ਬ ਸ ਾ ਈ ਿ ਟ www.punjabiarts.com ਤੇ ਲੈ ਕੇ ਸਕਦੇ ਹੋ ਜਾਂ ਬਲਜਿੰਦਰ ਲੈਲਣਾ ਨੂੰ 416-677-1555 ਤੇ ਅਤੇ ਕੁਲਦੀਪ ਰੰਧਾਵਾ ਨੂੰ 416-892-6171 ਤੇ ਫੋਨ ਕਰ ਸਕੇ ਹੋ।












# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਨੇ 'ਕੈਨੇਡਾ-ਡੇਅ' ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਵਿਖੇ ਮਨਾਇਆ

## ਐੱਮ.ਪੀ, ਐੱਮ.ਪੀ.ਪੀ.,ਰ਼ੀਜਨਲ ਕਾਂਊਸਲਰ, ਸਿਟੀ ਕਾਊਂਸਲਰ, ਸਿਟੀ ਕਾਊਂਸਲਰ, ਸਕੂਲ ਟਰੱਸਟੀ ਤੇ ਕਈ ਹੋਰਨਾਂ ਨੇ ਕੀਤੀ ਸ਼ਿਰਕਤ







ਬਰੈਂਪਟਨ, (ਡਾ. ਝੰਡ) - ਕੈਨੇਡਾ ਦੇ ਗੌਰਵਮਈ ਇਤਿਹਾਸ ਦਾ ਪ੍ਰਤੀਕ 'ਕੈਨੇਡਾ ਡੇਅ' ਪਹਿਲੀ ਜੁਲਾਈ ਨੂੰ ਦੇਸ਼-ਭਰ ਵਿਚ ਸਾਰੀਆਂ ਕਮਿਊਨਿਟੀਆਂ ਵੱਲੋਂ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਵੱਖ-ਵੱਖ ਸੰਸਥਾਵਾਂ ਵੱਲੋਂ ਕਈ ਪ੍ਰਕਾਰ ਦੇ ਉਲੀਕੇ ਗਏ ਪ੍ਰੋਗਰਾਮਾਂ ਨੂੰ ਇਸ ਦਿਨ ਸਰਅੰਜਾਮ ਦਿੱਤਾ ਜਾਂਦਾ ਹੈ। ਏਸੇ ਕੜੀ ਵਿਚ ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਬਰੈਂਪਟਨ ਵਿਚ ਪਿਛਲੇ ਪੰਜ-ਛੇ ਸਾਲਾਂ ਤੋਂ ਵਿਚਰ ਰਹੀ ਸੰਸਥਾ 'ਪੀ.ਐੱਸ.ਬੀ. ਸੀਨੀਅਰਜ਼ ਕਲੱਬ' ਵੱਲੋਂ ਲੰਘੇ ਸ਼ੁੱਕਰਵਾਰ ਪਹਿਲੀ ਜੁਲਾਈ ਨੂੰ ਇਹ ਇਤਿਹਾਸਕ ਦਿਨ ਗੋਰ-ਮੀਡੋਜ਼ ਕਮਿਊਨਿਟੀ ਸੈਂਟਰ ਦੇ ਹਾਲ ਨੰਬਰ 2 ਵਿਚ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿਚ ਹੋਏ ਰੰਗਾ-ਰੰਗ ਪ੍ਰੋਗਰਾਮ ਦੌਰਾਨ ਬਰੈਂਪਟਨ ਦੇ ਕਈ ਪਾਰਲੀਮੈਂਟ ਮੈਂਬਰ, ਪ੍ਰੋਵਿੰਸ਼ੀਅਲ ਪਾਰਲੀਮੈਂਟ ਮੈਂਬਰ, ਬਰੈਂਪਟਨ ਸਿਟੀ ਕਾਊਂਸਲ ਦੇ ਰੀਜਨਲ ਕਾਊਂਸਲਰ, ਸਿਟੀ ਕਾਊਂਸਲਰ, ਸਕੂਲ-ਟਰੱਸਟੀ ਤੇ ਸਮਾਜ ਦੇ ਕਈ ਵਰਗਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ ਅਤੇ ਹਾਜ਼ਰੀਨ ਨਾਲ 'ਕੈਨੇਡਾ ਡੇਅ' ਦੀਆਂ ਮੁਬਾਰਕਾਂ ਸਾਂਝੀਆਂ ਦਿੱਤੀਆਂ, ਅਤੇ ਉਨ੍ਹਾਂ ਨਾਲ ਇਸ ਦਿਨ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਮੈਂਬਰ ਸਵੇਰੇ ਸਾਢੇ ਦਸ ਵਜੇ ਪਰਿਵਾਰਾਂ ਸਮੇਤ ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਦੇ ਹਾਲ ਵਿਚ ਆਉਣੇ ਆਰੰਭ ਹੋ ਗਏ ਅਤੇ ਸਨੈਕਸ ਤੇ ਚਾਹ-ਪਾਣੀ ਛਕਣ ਤੋਂ ਬਾਅਦ ਗਿਆਰਾਂ ਵਜੇ ਦੇ ਕਰੀਬ ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਖੱਖ ਨੇ ਸਰੋਤਿਆਂ ਨੂੰ ਕੈਨੇਡਾ ਡੇਅ ਦੀਆਂ ਮੁਬਾਰਕਾਂ ਦਿੰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਗਲੋਰੀ ਗਲਿਆਨੀ ਵੱਲੋਂ ਗਾਏ ਕੈਨੇਡਾ ਦੇ ਰਾਸ਼ਟਰੀ-ਗੀਤ 'ਓ ਕੈਨੇਡਾ' ਨਾਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕੈਨੇਡਾ ਦੇ ਚਾਰ ਵੱਡੇ ਪ੍ਰੋਵਿੰਸਾਂ ਨੋਵਾ ਸਕੋਸ਼ੀਆ, ਬਰੱਨਜ਼ਵਿਕ, ਕਿਊਬਿਕ ਤੇ ਓਨਟਾਰੀਓ ਨੂੰ ਮਿਲਾ ਕੇ ਪਹਿਲਾਂ 'ਡੋਮਿਨੀਅਮ ਆਫ਼ ਕੈਨੇਡਾ' ਅਤੇ ਫਿਰ 'ਕਨਫ਼ੈੱਡਰੇਸ਼ਨ ਆਫ਼ ਡੋਮਿਨੀਅਮ' ਤੋਂ 'ਕੈਨੇਡਾ ਦੇਸ' ਬਣਨ ਦੇ ਲੰਮੇਂ ਸਫ਼ਰ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਨ ਤੋਂ ਬਾਅਦ ਗਲੋਰੀ ਨੂੰ ਗੀਤ ਪੇਸ਼ ਕਰਨ ਲਈ ਕਿਹਾ ਗਿਆ ਜਿਸ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪੰਜਾਬੀ ਤੇ ਹਿੰਦੀ ਦੇ ਤਿੰਨ ਗੀਤ ਸੁਣਾ ਕੇ ਸਰੋਤਿਆਂ ਦੀ ਖ਼ੂਬ ਵਾਹ-ਵਾਹ ਖੱਟੀ।

ਇਸ ਦੌਰਾਨ ਸਮਾਰੋਹ ਦੇ ਮਹਿਮਾਨ ਬੁਲਾਰੇ ਬਰੈਂਪਟਨ ਸਿਟੀ ਕਾਊਂਸਲ ਦੇ ਵਾਰਡ ਨੰਬਰ 9-10 ਦੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕਾਂਊਂਸਲਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਬਲਬੀਰ ਸੋਹੀ ਵੀ ਸਮਾਗ਼ਮ ਵਿਚ ਪਹੁੰਚ ਗਏ। ਗੁਰਪ੍ਰੀਤ ਢਿੱਲੋਂ ਤੇ ਹਰਕੀਰਤ ਸਿੰਘ ਨੇ ਆਪਣੇ ਸੰਬੋਧਨਾਂ ਵਿਚ ਪੀ.ਐੱਸ.ਬੀ. ਦੇ ਮੈਂਬਰਾਂ ਤੇ ਹੋਰ ਸਰੋਤਿਆਂ ਨੂੰ ਕੈਨੇਡਾ-ਡੇਅ ਦੀਆਂ ਵਧਾਈਆਂ ਦਿੱਤੀਆਂ ਅਤੇ ਸਿਟੀ ਕਾਊਂਸਲ ਵੱਲੋਂ ਬਰੈਂਪਟਨ ਵਿਚ ਕੀਤੇ ਜਾ ਰਹੇ ਉਸਾਰੂ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਬਰੈਂਪਟਨ ਵਿਚ ਵੱਖ-ਵੱਖ ਕਮਿਊਨਿਟੀਆਂ ਦੇ ਲੋਕ ਮਿਲ਼-ਜੁਲ ਕੇ ਬੜੇ ਪ੍ਰੇਮ-ਪਿਆਰ ਨਾਲ ਰਹਿ ਰਹੇ ਹਨ ਅਤੇ ਇੱਥੇ ਬੜੀ ਤੇਜ਼ੀ ਨਾਲ ਕੈਨੇਡਾ ਦੇ ਸਾਂਝੇ ਸੱਭਿਆਚਾਰ ਦੀ ਬਣਤਰ ਬਣ ਰਹੀ ਹੈ। ਉਨ੍ਹਾਂ ਵੱਲੋਂ ਪੀ.ਐੱਸ.ਬੀ. ਦੇ ਅਹੁਦੇਦਾਰਾਂ ਨੂੰ ਬਰੈਂਪਟਨ ਸਿਟੀ ਦੇ ਯਾਦਗਾਰੀ-ਚਿੰਨ੍ਹ ਵੀ ਭੇਟ ਕੀਤੇ ਗਏ। ਕੈਨੇਡਾ ਦੀਆਂ ਖ਼ੂਬਸੂਰਤ ਕਦਰਾਂ-ਕੀਮਤਾਂ ਦੀ ਗੱਲ ਕਰਦਿਆਂ ਸਕੂਲ-ਟਰੱਸਟੀ ਬਲਬੀਰ ਸੋਹੀ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇਨ੍ਹਾਂ ਦੇ ਨਾਲ ਜੋੜਨ ਦੀ ਗੱਲ ਕੀਤੀ। ਪੀੜ੍ਹੀਆਂ ਵਿਚ ਤੇਜ਼ੀ ਨਾਲ ਵੱਧ ਰਹੇ ਫ਼ਾਸਲੇ ਨੂੰ ਘਟਾਉਣ ਲਈ ਉਨ੍ਹਾਂ ਸੀਨੀਅਰਾਂ ਨੂੰ ਆਪਣੇ ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਨਾਲ ਦੋਸਤਾਨਾ ਸਬੰਧ ਬਨਾਉਣ ਲਈ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਡਰੱਗਜ਼ ਦੇ ਕੋਹੜ ਤੋਂ ਕੋਹਾਂ ਦੂਰ ਰੱਖਣ ਲਈ ਬੇਨਤੀ ਵੀ ਕੀਤੀ।

ਇਸ ਤੋਂ ਬਾਅਦ ਵਾਰੀ ਆਈ 'ਟੋਰਾਂਟੋ ਮਿਊਜ਼ੀਕਲ ਗਰੁੱਪ' ਦੀ, ਜਿਸ ਦੇ ਕਲਾਕਾਰਾਂ ਸੁਬਾ ਕ੍ਰਿਸ਼ਨਨ, ਰਾਜੀਵ ਸੂਦ ਤੇ ਸਾਦਿਕ ਮਹਿਮੂਦ ਨੇ ਆਪਣੀਆਂ ਖ਼ੂਬਸੂਰਤ ਆਵਾਜ਼ਾਂ ਵਿਚ ਵੀਹਵੀ ਸਦੀ ਦੇ ਸੱਠਵਿਆਂ ਤੇ ਸੱਤਰਵਿਆਂ ਦੀਆਂ ਫ਼ਿਲਮਾਂ ਦੇ ਗੀਤ ਗਾ ਕੇ ਹਿੰਦੀ ਫ਼ਿਲਮਾਂ ਦੇ 'ਸੁਨਹਿਰੀ ਯੁਗ' ਦੀ ਯਾਦ ਤਾਜ਼ਾ ਕਰਵਾ ਦਿੱਤੀ। ਰਾਜੀਵ ਸੂਦ ਨੇ ਗਾਇਕ ਸਵ. ਹੇਮੰਤ ਕੁਮਾਰ ਦੀ ਆਵਾਜ਼ ਨਾਲ ਬਿਲਕੁਲ ਮੇਲ ਖਾਂਦੀ ਆਪਣੀ ਆਵਾਜ਼ ਵਿਚ "ਯੇ ਚਾਂਦਨੀ ਰਾਤ ਔਰ ਯੇ ਸਮਾਂ, ਸੁਨ ਲੇ ਦਿਲ ਕੀ ਦਾਸਤਾਂ" ਅਤੇ ਸਵ. ਮੰਨਾ ਡੇ ਦੇ ਗਾਏ ਹੋਏ ਫ਼ਿਲਮ 'ਵਕਤ' ਦੇ ਸਦਾ-ਬਹਾਰ ਗੀਤ "ਐ ਮੇਰੀ ਜ਼ੋਹਰੇ-ਜਬੀਂ, ਤੁਝੇ ਮਾਲੂਮ ਨਹੀਂ, ਤੂ ਅਬ ਤੱਕ ਹੈ ਹਸੀਂ ਔਰ ਮੈਂ ਜਵਾਂ" ਅਤੇ ਹੋਰ ਕਈ ਗੀਤਾਂ ਨਾਲ ਨਾਲ ਖ਼ੂਬ ਰੰਗ ਬੰਨ੍ਹਿਆਂ। ਏਸੇ ਤਰ੍ਹਾਂ ਦੂਸਰੇ ਗਾਇਕ ਸਾਦਿਕ ਮਹਿਮੂਦ ਨੇ ਸਵ. ਮੁਹੰਮਦ ਰਫ਼ੀ





ਸਾਹਿਬ ਦੇ ਗਾਏ ਹੋਏ ਕਈ ਗੀਤ ਗਾਏ ਅਤੇ ਗਾਇਕਾ ਸੁਬਾ ਕ੍ਰਿਸ਼ਨਨ ਜਿਸ ਦੀ ਆਵਾਜ਼ ਵਿਚੋਂ ਲਤਾ ਮੰਗੇਸ਼ਕਰ ਦੀ ਆਵਾਜ਼ ਦੀ ਝਲਕ ਪੈਂਦੀ ਸੀ, ਨੇ ਉਨ੍ਹਾਂ ਦੇ ਕਈ ਹਿੱਟ ਗੀਤ ਸੁਣਾਏ। ਦੋਹਾਂ ਗਾਇਕਾਂ ਨਾਲ ਮਿਲ ਕੇ ਉਸ ਨੇ ਦੋ-ਤਿੰਨ ਦੋਗਾਣੇ ਵੀ ਪੇਸ਼ ਕੀਤੇ ਜਿਨ੍ਹਾਂ ਵਿਚ "ਆਜਕੱਲ੍ਹ ਤੇਰੇ ਮੇਰੇ ਪਿਆਰ ਕੇ ਚਰਚੇ ਹਰ ਜ਼ੁਬਾਨ ਪਰ" ਉੱਪਰ ਤਾਂ ਸਰੋਤਿਆਂ ਵਿੱਚੋਂ ਕਈਆਂ ਨੇ ਡਾਂਸ ਕਰਨਾ ਵੀ ਸ਼ੁਰੂ ਕਰ ਕੀਤਾ।

ਮਨੋਰੰਜਨ ਦੇ ਚੱਲ ਰਹੇ ਇਸ ਪ੍ਰੋਗਰਾਮ ਦੌਰਾਨ ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਅਤੇ ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸੰਧੂ ਨੇ ਵੀ ਸਰੋਤਿਆਂ ਨਾਲ ਕੈਨੇਡਾ-ਡੇਅ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ ਅਤੇ ਆਪਣੇ ਵੱਲੋਂ ਹੁਣ ਤੀਕ ਕੀਤੇ ਗਏ ਕਾਰਜਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਅਹੁਦਦਾਰਾਂ ਨੂੰ ਯਾਦਗਾਰੀ-ਚਿੰਨ੍ਹ ਵੀ ਭੇਟ ਕੀਤੇ। ਚੱਲ ਰਹੇ ਪ੍ਰੋਗਰਾਮ ਦੌਰਾਨ ਗਾਇਕਾ ਮੀਤਾ ਖੰਨਾ ਨੇ ਦੋ ਗੀਤ ਸੁਣਾਏ ਗਏ ਅਤੇ ਪੀ.ਐੱਸ.ਬੀ. ਕਲੱਬ ਦੇ ਮੈਂਬਰਾਂ ਨਰਿੰਦਰਪਾਲ ਸਿੰਘ ਤੇ ਗੁਰਜੀਤ ਸਿੰਘ ਬਰਾੜ ਨੇ ਵੀ ਗੀਤ ਪੇਸ਼ ਕੀਤੇ। ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਬੇਦੀ ਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਕ ਛੋਟੀ ਜਿਹੀ ਬੱਚੀ ਨੇ ਇਕ ਇੰਗਲਿਸ਼-ਸੌਂਗ ਵੀ ਗਾਇਆ। ਪ੍ਰੋਗਰਾਮ ਦੇ ਅਖ਼ੀਰ ਵੱਲ ਵੱਧਦਿਆਂ ਮੰਚ-ਸੰਚਾਲਕ ਗੁਰਚਰਨ ਸਿੰਘ ਖੱਖ ਵੱਲੋਂ ਸਮਾਗ਼ਮ ਦੇ ਸਾਰੇ ਬੁਲਾਰਿਆਂ ਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਪਰੰਤ, ਸਾਰਿਆਂ ਨੇ ਮਿਲ ਕੇ ਸਵਾਦੀ ਖਾਣੇ ਦਾ ਅਨੰਦ ਮਾਣਿਆਂ ਅਤੇ ਇਸ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਇਸ ਤਰ੍ਹਾਂ ਮਨੋਰੰਜਨ ਤੇ ਖ਼ੁਸ਼ੀਆਂ ਨਾਲ ਭਰਪੂਰ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦਾ 'ਕੈਨੇਡਾ-ਡੇਅ ਨਾਲ ਸਬੰਧਿਤ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਬਰੈਂਪਟਨ ਦੀ ਮੈਕਲਿਓਰ ਸੀਨੀਅਰਜ਼ ਕਲੱਬ ਨੇ ਮਨਾਇਆ 'ਕੈਨੇਡਾ ਡੇਅ'





ਬਰੈਂਪਟਨ, (ਡਾ. ਝੰਡ) -ਬੀਤੇ ਸ਼ੁੱਕਰਵਾਰ ਪਹਿਲੀ ਜੁਲਾਈ ਨੂੰ ਮੈਕਲਿਓਰ ਸੀਨੀਅਰਜ਼ ਕਲੱਬ ਵੱਲੋਂ ਜੈਨਿੰਗਜ਼ ਪਾਰਕ 49 ਪੈਰਿਟੀ ਰੋਡ ਵਿਖੇ ਕੈਨੇਡਾ ਡੇਅ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਕਲੱਬ ਦੇ ਸਕੱਤਰ ਰਜਿੰਦਰ ਸਿੰਘ ਗਰੇਵਾਲ ਵੱਲੋਂ ਸਾਰਿਆਂ ਨੂੰ ਨਿੱਘੀ 'ਜੀ-ਆਇਆਂ' ਕਹੀ ਗਈ। ਉਪਰੰਤ, ਸਟੇਜ-ਸਕੱਤਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਸਿੱਧੂ ਨੇ ਸੱਭਨਾਂ ਨੂੰ ਕੈਨੇਡਾ ਡੇਅ ਦੀ ਵਧਾਈ ਦਿੱਤੀ ਅਤੇ ਪ੍ਰੋਾਰਾਮ ਦੀ ਅਗਲੇਰੀ ਕਾਰਵਾਈ ਆਰੰਭੀ।

ਬਾਹਰੋਂ ਆਏ ਹੋਏ ਪਤਵੰਤਿਆਂ ਵਿਚ ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਅਤੇ ਪੰਜਾਬੀ ਕਮਿਊਨਿਟੀ ਦੇ ਜਾਣੇ-ਪਛਾਣੇ ਵਿਦਵਾਨ ਡਾ. ਬਲਜਿੰਦਰ ਸਿੰਘ ਸੇਖੋਂ ਸ਼ਾਮਲ ਸਨ ਜਿਨ੍ਹਾਂ ਨੇ ਆਪਣੇ ਸੰਬੋਧਨਾਂ ਵਿਚ ਕੈਨੇਡਾ-ਡੇਅ ਦੀ ਮਹੱਤਤਾ ਦੱਸਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਦੇ ਸਲਾਹਕਾਰ ਕੁਲਦੀਪ ਸਿੰਘ ਗੋਲੀ ਉਚੇਚੇ ਤੌਰ 'ਤੇ ਸਮਾਗ਼ਮ ਵਿਚ ਹਾਜ਼ਰ ਹੋਏ ਅਤੇ ਉਨਾਂ ਵੱਲੋਂ ਮੇਅਰ ਬਰਾਊਨ ਦਾ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ। ਇਸ ਦੇ ਨਾਲ ਹੀ ਉਨ੍ਹਾਂ ਕੈਨੇਡਾ-ਡੇਅ ਸਬੰਧੀ ਆਪਣੇ ਵਿਚਾਰ ਵੀ ਪੇਸ਼ ਕੀਤੇ। ਇਸ ਮੌਕੇ ਰੀਜਨਲ ਕਾਊਂਸਲਰ ਮਿਸਟਰ ਪਾਲ, ਕਾਊਂਸਲਰ ਰੋਵੈਂਜਾ ਅਤੇ ਡਾ. ਐੱਚ. ਐੱਲ. ਪਟੇਲ ਵੀ ਬੁਲਾਰਿਆਂ ਵਿਚ ਸ਼ਾਮਲ ਸਨ।

ਪ੍ਰੋਗਰਾਮ ਦੀ ਸਮਾਪਤੀ ਵੱਲ ਵੱਧਦਿਆਂ ਗਿਆਨ ਸਿੰਘ ਸੰਧੂ ਵੱਲੋਂ ਸਮੂਹ ਬੁਲਾਰਿਆਂ ਅਤੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚਾਹ-ਪਾਣੀ ਤੇ ਸਨੈਕਸ ਦਾ ਲੰਗਰ ਅਤੁੱਟ ਵਰਤਿਆ ਜਿਸ ਦੀ ਸੇਵਾ ਅਵਤਾਰ ਸਿੰਘ ਬੰਗੜ, ਕੀਰਤ ਸਿੰਘ ਧਾਲੀਵਾਲ, ਜਸਵਿੰਦਰ ਸਿੰਘ ਖਹਿਰਾ ਤੇ ਹੋਰ ਮੈਂਬਰਾਂ ਵੱਲੋਂ ਬੜੀ ਸ਼ਰਧਾਂ ਤੇ ਉਤਸ਼ਾਹ ਨਾਲ ਕੀਤੀ ਗਈ। ਸਮਾਗ਼ਮ ਦੇ ਅਖ਼ੀਰ ਵਿਚ ਬੀਬੀਆਂ ਨੇ ਗਿੱਧੇ ਦੀ ਖ਼ੂਬ ਰੌਣਕ ਲਾ ਕੇ ਕੈਨੇਡਾ-ਡੇਅ ਦੇ ਮਨਾਏ ਜਾਣ ਦੀਆਂ ਖ਼ੁਸ਼ੀਆਂ ਵਿਚ ਵਾਧਾ ਕੀਤਾ। ਇੰਜ, ਇਸ ਸੀਨੀਅਰਜ਼ ਕਲੱਬ ਦੇ ਇਸ ਸਮਾਗ਼ਮ ਦੀ ਸਮਾਪਤੀ ਬੜੇ ਵਧੀਆ ਮਾਹੌਲ ਵਿਚ ਹੋਈ।


ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।

RSFO Ramgarhia Sikh Foundation of Ontario

9th International Award 2022

Dedicated to the 299th Birth Anniversary of Maharaja Jassa Singh Ramgarhia

YOU ARE CORDIALLY INVITED

| | |
|---|---|
| Appetizers | 10am to 11am |
| Speeches | 11am to 1pm |
| Lunch | 1pm to 2pm |
| Presentation of Awards | 2pm to 4pm |
| Cultural Program | 4pm to 5pm |

Date: Sunday 17 July 2022
Time: 10am to 6pm
Century Gardens Recreations Complex (Auditorium 1)
340 Vodden Street East, Brampton, ON, L6V 2N2



| | | | | |
|---|---|---|---|---|
| Daljit S. Gaidhu Chairman 416-305-9878 | Jasbir S. Sehmbi Vice Chairman 437-774-1410 | Manjit S. Bhachu President 416-275-2374 | Jarnail S. Matharu Event President 416-409-6207 | Hardial S. Jheeta Gen. Secretary 647-409-8915 |

Address: 7956 Torbram Road #40, Bldg-B, Brampton, ON, L6T 5A2, Canada

ਦੋਨੋ ਪ੍ਰੋਗਰਾਮਾਂ ਲਈ ਸੀਟ ਰਾਖਵੀਂ ਰੱਖਣ ਵਾਸਤੇ ਸੰਪਰਕ ਕਰੋ
(416) 305-9878, (416) 409-6207

4TH INTERNATIONAL SARAB SANJHA KAVI DARBAR
ਚੌਥਾ ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ - 2022

INTERNATIONAL SARB-SANJHA PUNJABI KAVI DARBAR



ਸ੍ਰੀ ਗੁਰੂ ਤੇਗ ਬਹਾਦਰ ਜੀ ਦੀ
400 ਸਾਲਾ ਸ਼ਤਾਬਦੀ ਨੂੰ ਸਮਰਪਿਤ

Date
24 July 2022

Time
10am to 6pm

Venue
Century Gardens Recreation Complex (Auditorium-1)
340 Vodden Street East, Brampton, ON, L6V 2N2

| | |
|---|---|
| Welcome Of Guests | 22 July 2022 |
| Registration | 23 July 2022 |
| Kavi Darbar | 24 July 2022 |

Program

| | |
|---|---|
| Appetizers | 10am to 11am |
| Kavi Darbar Session 1 | 11am to 1pm |
| Lunch | 1pm to 2pm |
| Kavi Darbar Session 2 | 2pm to 4pm |
| Awards and Cultural Program | 4pm to 6pm |

Daljit S. Gaidhu (Chairman)
International Sarab Sanjha Kavi Darbar, Canada

Address: 7956 Torbram Road #40, Bldg-B, Brampton, ON, L6T 5A2, Canada
Contact: (416) 305-9878 Email: int.sskd@gmail.com

# ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਨੂੰ ਯਾਦ ਕਰਦਿਆਂ

ਪੰਜਾਬੀ ਸਾਹਿਤ ਦੀ ਗੱਲ ਕਰਦਿਆਂ ਨਾਨਕ ਸਿੰਘ ਦਾ ਨਾਂ ਹਮੇਸ਼ਾਂ ਹੀ ਸਤਿਕਾਰ ਨਾਲ਼ ਪੰਜਾਬੀ ਮਾਂ-ਬੋਲੀ ਦੇ ਲਾਡਲਿਆਂ ਵਿੱਚ ਮੋਹਰੀ ਰਹੇਗਾ ਹੀ ਰਹੇਗਾ। ਆਧੁਨਿਕ ਪੰਜਾਬੀ ਸਾਹਿਤ ਵਿੱਚ ਨਾਵਲ ਵਿਧਾ ਦੀ ਗੱਲ ਕਰਦਿਆਂ ਉਹਨਾਂ ਹਿੱਸੇ ਪਿਤਾਮਾ ਹੋਣ ਦਾ ਮਾਣ ਵੀ ਆਉਂਦਾ ਹੈ।

4 ਜੁਲਾਈ 1897 ਨੂੰ ਪਿੰਡ ਚੱਕ ਹਮੀਦ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਵਿੱਚ ਸ੍ਰੀ ਬਹਾਦਰ ਚੰਦ ਸੂਰੀ ਦੇ ਘਰ ਤੇ ਮਾਤਾ ਲੱਛਮੀ ਦੀ ਕੁੱਖੋਂ ਬਾਲ ਹੰਸ ਰਾਜ ਦਾ ਜਨਮ ਹੋਇਆ ਜੋ ਕਿ ਬਾਅਦ ਵਿੱਚ ਪਿਸ਼ਾਵਰ ਗੁਰਦੁਆਰੇ ਦੇ ਗ੍ਰੰਥੀ ਬਾਗ ਸਿੰਘ ਦੀ ਪ੍ਰੇਰਨਾ ਸਦਕਾ ਹੰਸ ਰਾਜ ਤੋਂ ਨਾਨਕ ਸਿੰਘ ਬਣ ਗਿਆ।

ਪੰਜਵੀਂ ਜਮਾਤ ਪਿੰਡ ਦੇ ਹੀ ਸਕੂਲ ਤੋਂ ਪਾਸ ਕੀਤੀ। ਇਸ ਸਮੇਂ ਦੌਰਾਨ ਨਿੱਕੀ ਉਮਰੇ ਹੀ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਹੋ ਗਈ, ਇਸ ਤੋਂ ਬਾਅਦ ਉਹ ਅੱਗੇ ਪੜ੍ਹਾਈ ਨਾ ਕਰ ਸਕੇ। ਉਹਨਾਂ ਨੇ ਹਾਲਾਤਾਂ ਨੂੰ ਹੰਢਾਉਂਦਿਆਂ ਹਲਵਾਈ ਦੀ ਦੁਕਾਨ 'ਤੇ ਭਾਂਡੇ ਮਾਂਜੇ ਅਤੇ ਮੇਲਿਆਂ ਵਿੱਚ ਕੁਲਫ਼ੀਆਂ ਵੀ ਵੇਚੀਆਂ। ਸਾਹਿਤ ਨਾਲ਼ ਮੋਹ ਤੇ ਉਹਨਾਂ ਦੀ ਕਲਮ ਨਾਲ਼ ਸਾਂਝ ਐਸੀ ਰਾਸ ਆਈ ਕਿ ਪੰਜਵੀਂ ਜਮਾਤ ਤੱਕ ਪੜ੍ਹੇ ਨਾਨਕ ਸਿੰਘ ਵੱਲੋਂ ਲਿਖੇ ਗਏ ਨਾਵਲ ਅੱਜ ਵੀ ਐੱਮ.ਏ ਅਤੇ ਪੀ.ਐਚ.ਡੀ ਦੇ ਵਿਦਿਆਰਥੀਆਂ ਨੂੰ ਪੜ੍ਹਾਏ ਜਾਂਦੇ ਹਨ। ਉਨ੍ਹਾਂ ਦੀ ਤੁਲਨਾ ਕਾਲੀਦਾਸ, ਸ਼ੈਕਸਪੀਅਰ, ਟਾਲਸਟਾਏ, ਡਿਕਨਜ਼, ਟੈਗੋਰ ਅਤੇ ਬਰਨਾਰਡ ਸ਼ਾਅ ਵਰਗੇ ਮਹਾਨ ਸਾਹਿਤਕਾਰਾਂ ਨਾਲ ਕੀਤੀ ਜਾਂਦੀ ਹੈ।

*ਸਾਹਿਤਕ ਸਫ਼ਰ:-*

ਨਾਨਕ ਸਿੰਘ ਨੇ 13 ਸਾਲ ਦੀ ਛੋਟੀ ਉਮਰ ਵਿੱਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। 13 ਅਪ੍ਰੈਲ 1919 ਦੀ ਵਿਸਾਖੀ ਦੇ ਦਿਨ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ਼ ਦੀ ਘਟਨਾ ਨੂੰ ਉਨ੍ਹਾਂ ਨੇ ਅੱਖੀਂ ਵੇਖਿਆ, ਜਿਸ ਦਾ ਉਨ੍ਹਾਂ ਦੇ ਮਨ ਤੇ ਡੂੰਘਾ ਅਸਰ ਹੋਇਆ ਕਿਉਂਕਿ ਉਨ੍ਹਾਂ ਦੇ ਦੋ ਦੋਸਤ ਵੀ ਇਸ ਹੱਤਿਆ-ਕਾਂਡ ਵਿੱਚ ਮਾਰੇ ਗਏ ਸਨ। ਉਨ੍ਹਾਂ ਨੇ ਬ੍ਰਿਟਿਸ਼ ਹਕੂਮਤ ਦੇ ਅੱਤਿਆਚਾਰ ਨੂੰ ਨੰਗਾ ਕਰਦੀ ਇਕ ਲੰਬੀ ਕਵਿਤਾ 'ਖ਼ੂਨੀ ਵਿਸਾਖੀ' ਲਿਖੀ। ਹਕੂਮਤ ਨੇ ਇਸ ਤੇ ਪਾਬੰਦੀ ਲਾ ਦਿੱਤੀ ਅਤੇ ਜ਼ਬਤ ਕਰ ਲਈ। ਨਾਨਕ ਸਿੰਘ ਦਾ ਪਹਿਲਾ ਕਾਵਿ-ਸੰਗ੍ਰਹਿ, ਸੀਹਰਫ਼ੀ ਹੰਸ ਰਾਜ, ਛਪਿਆ। 'ਸਤਿਗੁਰ ਮਹਿਮਾ' ਵਿੱਚ ਉਹਨਾਂ ਦੇ ਲਿਖੇ ਕੁਝ ਧਾਰਮਿਕ ਗੀਤ ਵੀ ਛਪੇ।

1922 ਵਿਚ ਇਹ ਗੁਰੂ ਕਾ ਬਾਗ਼ ਮੋਰਚੇ ਸਮੇਂ ਨਾਨਕ ਸਿੰਘ ਜੇਲ ਗਏ। ਇਸ ਸਮੇਂ ਉਨ੍ਹਾਂ ਨੇ ਅਪਣੀ ਦੂਜੀ ਕਾਵਿ ਪੁਸਤਕ 'ਜ਼ਖ਼ਮੀ ਦਿਲ' ਲਿਖੀ ਜੋ 1923 ਵਿੱਚ ਛਪੀ ਅਤੇ ਜਿਸ 'ਤੇ ਸਿਰਫ਼ ਦੋ ਹਫ਼ਤਿਆਂ ਬਾਅਦ ਹੀ ਪਾਬੰਦੀ ਲਾ ਦਿੱਤੀ ਗਈ।

1923 ਈ: ਵਿੱਚ ਨਾਨਕ ਸਿੰਘ ਨੇ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਅੰਮ੍ਰਿਤਸਰ ਵਿੱਚ ਖ਼ਾਲਸਾ ਪ੍ਰੈੱਸ ਚਾਲੂ ਕੀਤੀ ਪਰ ਇਹ ਨਾ ਚੱਲਣ ਕਰਕੇ ਵੇਚ ਦਿੱਤੀ ਗਈ। ਉਸ ਤੋਂ ਬਾਅਦ ਨਾਨਕ ਸਿੰਘ ਨੇ 'ਨਾਨਕ ਸਿੰਘ ਪੁਸਤਕਾਲਾ' ਖੋਲ੍ਹਿਆ ਤੇ ਲੋਕ ਸਾਹਿਤ' ਨਾਂ ਦਾ ਮਾਸਿਕ ਰਸਾਲਾ ਵੀ ਕੱਢਿਆ।

*ਨਾਵਲ ਯਾਤਰਾ:-*

ਸਾਹਿਤ ਦੀ ਵਿਧਾ ਨਾਵਲ ਬਾਰੇ ਗੱਲ ਚੱਲੇ ਤੇ ਨਾਨਕ ਸਿੰਘ ਦਾ ਨਾਂ ਅੱਗੇ ਆਉਣਾ ਸੁਭਾਵਿਕ ਹੈ। ਸੱਚਮੁੱਚ ਨਾਵਲ ਦੀ ਗੱਲ ਨਾਨਕ ਸਿੰਘ ਬਿਨਾ ਅਧੂਰੀ ਰਹੇਗੀ। ਨਾਵਲ ਦੇ ਪਿਤਾਮਾ ਹੋਣ ਦਾ ਮਾਣ ਵੀ ਨਾਨਕ ਸਿੰਘ ਦੇ ਹਿੱਸੇ ਹੀ ਤਾਂ ਆਇਆ ਹੈ। ਬੇਸ਼ੱਕ ਨਾਨਕ ਸਿੰਘ ਨੇ ਆਪਣੀ ਸਾਹਿਤਕ ਸ਼ੁਰੂਆਤ ਕਵੀਸ਼ਰੀ ਤੇ ਇੱਕ ਕਵੀ ਦੇ ਤੌਰ 'ਤੇ ਕੀਤੀ ਸੀ ਤੇ ਸਾਹਿਤ ਦੀਆਂ ਹੋਰ ਵਿਧਾਵਾਂ ਤੇ ਵੀ ਕਲਮ ਅਜ਼ਮਾਈ ਪਰ ਗੁਰੂ ਕੇ ਬਾਗ ਦੇ ਮੋਰਚੇ ਦੌਰਾਨ ਨਾਨਕ ਸਿੰਘ ਦੀ ਇੱਕ ਜੱਥੇ ਵਿੱਚ ਜਦੋਂ ਗ੍ਰਿਫ਼ਤਾਰੀ ਹੋਈ ਤਾਂ ਇਸ ਦੌਰਾਨ ਲਾਹੌਰ ਬੋਰਸਟਲ ਜੇਲ੍ਹ ਵਿੱਚ ਉਹਨਾਂ ਦਾ ਮੇਲ਼ ਜਗਨ ਨਾਥ ਨਾਂ ਦੇ ਆਦਮੀ ਨਾਲ਼ ਹੋਇਆ,ਜਿਨ੍ਹਾਂ ਕੋਲੋਂ ਉਹਨਾਂ ਨੂੰ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹਨ ਨੂੰ ਮਿਲੇ। ਨਾਵਲ ਪੜ੍ਹ ਕੇ ਨਾਨਕ ਸਿੰਘ ਦੇ ਮਨ ਵਿਚ ਵੀ ਖ਼ੁਦ ਨਾਵਲ ਲਿਖਣ ਦਾ ਖਿਆਲ ਆਇਆ। ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਨੇ ਇੱਕ ਤਰ੍ਹਾਂ ਨਾਲ਼ ਨਾਨਕ ਸਿੰਘ ਦੀ ਨਾਵਲ ਲਿਖਣ ਦੀ ਰੁਚੀ ਲਈ ਗੁੜ੍ਹਤੀ ਵਾਂਗ ਕੰਮ ਕੀਤਾ।

ਨਾਨਕ ਸਿੰਘ ਨੇ ਆਪਣੀ ਜ਼ਿੰਦਗੀ ਦੇ ਅਨੁਭਵਾਂ ਦੇ ਆਧਾਰ 'ਤੇ ਪਹਿਲਾ ਨਾਵਲ 'ਅਧਖਿੜੀ ਕਲੀ' ਲਿਖਿਆ ਪਰ ਜੇਲ੍ਹ ਅਧਿਕਾਰੀਆਂ ਦੁਆਰਾ ਤਲਾਸ਼ੀ ਦੌਰਾਨ ਇਸਦੇ ਖਰੜੇ ਨੂੰ ਵੀ ਜਬਤ ਕਰ ਲਿਆ ਗਿਆ।ਬਾਦ ਵਿੱਚ ਕਈ ਸਾਲਾਂ ਬਾਅਦ ਇਹੀ ਨਾਵਲ ਅੱਧ ਖਿੜਿਆ ਫੁੱਲ ਸਿਰਲੇਖ ਹੇਠ ਪ੍ਰਕਾਸ਼ਿਤ ਹੋਇਆ।

ਨਾਨਕ ਸਿੰਘ ਦਾ ਪਹਿਲਾ ਨਾਵਲ 'ਮਤਰੇਈ ਮਾਂ' ਪੰਜਾਬ ਖ਼ਾਲਸਾ ਬੁੱਕ ਡੀਪੂ ਅੰਮ੍ਰਿਤਸਰ ਵੱਲੋਂ 1924 ਵਿੱਚ ਛਪਿਆ। ਇਹ ਨਾਵਲ ਨਾਨਕ ਸਿੰਘ ਨੇ ਮੁਨਸ਼ੀ ਪ੍ਰੇਮ ਚੰਦ ਅਤੇ ਸ: ਚਰਨ ਸਿੰਘ ਸ਼ਹੀਦ ਦੀ ਪ੍ਰੇਰਨਾ ਸਦਕਾ ਹੀ ਲਿਖਿਆ।ਇਸ ਨਾਵਲ ਵਿੱਚ ਮਤਰੇਈ ਮਾਂ ਦੇ ਕਰੂਰ ਸੁਭਾਅ ਨੂੰ ਦਿਖਾਇਆ ਗਿਆ ਹੈ।

ਇਸ ਸਮੇਂ ਹੀ ਇੱਕ ਹੋਰ ਨਾਵਲ 'ਕਾਲ ਚੱਕਰ' ਲਿਖਿਆ। ਇਸ ਵਿੱਚ 'ਨਸ਼ੇ ਦੀ ਆਦਤ ਤੇ ਬਾਹਰਲੇ ਵਿਆਕਤੀ ਦੀ ਦਖ਼ਲਅੰਦਾਜ਼ੀ ਨਾਲ਼ ਘਰ ਦੀ ਬਰਾਬਾਦੀ ਕਿਵੇਂ ਹੋ ਜਾਂਦੀ ਹੈ' ਨੂੰ ਵਿਸ਼ੇ ਦੇ ਤੌਰ 'ਤੇ ਲਿਆ ਗਿਆ ਹੈ।

ਨਾਵਲ 'ਪ੍ਰੇਮ ਸੰਗੀਤ' ਵਿੱਚ ਵਿਆਹ ਮਗਰੋਂ ਦੂਜੀ ਔਰਤ ਨਾਲ਼ ਬਣੇ ਰਿਸ਼ਤੇ ਨਾਲ਼ ਆਉਂਦੀਆਂ ਪਰਿਵਾਰਕ ਘਰੇਲੂ ਸਮੱਸਿਆਵਾਂ ਨੂੰ ਲਿਆ ਗਿਆ ਹੈ।

1928 ਦੇ ਲਗਭਗ ਨਾਵਲ 'ਮਿੱਠਾ ਮਹੁਰਾ' ਲਿਖਿਆ ਗਿਆ। ਇਸ ਨਾਵਲ ਵਿੱਚ ਵਿੱਚ ਵੀ ਮਰਦ ਦੁਆਰਾ ਦੂਜਾ ਵਿਆਹ ਕਰਵਾਉਣ ਨਾਲ਼ ਘਰੇਲੂ ਮਾਹੌਲ ਦੀਆਂ ਸਮੱਸਿਆਵਾਂ ਨੂੰ ਲਿਆ ਗਿਆ ਹੈ।



ਸ.ਸੁਖਚੈਨ ਸਿੰਘ ਕੁਰੜ
(ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲ਼ਾ

ਨਾਨਕ ਸਿੰਘ ਅਸਲ ਵਿੱਚ ਸਾਹਿਤਕ ਸਫ਼ਰ ਵਿੱਚ ਆਪਣੀ ਨਾਵਲ ਯਾਤਰਾ ਦੀ ਸ਼ੁਰੂਆਤ ਇਹਨਾਂ ਨਾਵਲਾਂ ਤੋਂ ਬਾਅਦ ਹੀ ਮੰਨਦਾ ਹੈ।ਇਹਨਾਂ ਨਾਵਲਾਂ ਦੀ ਚਰਚਾ ਕਰਦਿਆਂ ਖ਼ੁਦ ਨਾਨਕ ਸਿੰਘ ਆਪਣੇ ਉਪਰੋਕਤ ਨਾਵਲਾਂ ਨੂੰ 'ਮਸ਼ਕ ਦੀ ਪੱਟੀ' ਦੱਸਦਾ ਹੈ।

1932 ਵਿੱਚ ਆਇਆ ਨਾਵਲ 'ਚਿੱਟਾ ਲਹੂ' ਨਾਨਕ ਸਿੰਘ ਦੇ ਸ਼ਾਹਕਾਰ ਨਾਵਲਾਂ ਵਿੱਚੋਂ ਇੱਕ ਨਾਵਲ ਸੀ। ਨਾਵਲ ਵਿਚਲੇ ਪਾਤਰ ਬਚਨ ਸਿੰਘ ਤੇ ਸੁੰਦਰੀ ਤੋਂ ਇਲਾਵਾ ਬਾਕੀ ਸਾਰੇ ਪਾਤਰਾਂ ਦੇ ਲਹੂ ਨੂੰ ਨਾਨਕ ਸਿੰਘ ਨੇ ਚਿੱਟਾ ਹੁੰਦੇ ਦਿਖਾਇਆ ਹੈ।

"ਚਿੱਟਾ ਲਹੂ" ਦੇ ਮੁਖਬੰਦ ਵਿੱਚ ਨਾਨਕ ਸਿੰਘ ਖ਼ੁਦ ਲਿਖਦੇ ਹਨ, "ਇੰਞ ਜਾਪਦਾ ਹੈ ਕਿ ਸਾਡੇ ਸਮਾਜ ਦੇ ਖ਼ੂਨ ਵਿੱਚ ਲਾਲ ਰਕਤਾਣੂ ਖ਼ਤਮ ਹੋ ਗਏ ਹਨ।

ਸੰਸਾਰ ਪ੍ਰਸਿੱਧ ਲਿਖਾਰੀ 'ਲੀਓ ਟਾਲਸਟਾਏ' ਦੀ ਪੋਤਰੀ 'ਨਾਤਾਸ਼ਾ ਟਾਲਸਟਾਏ' ਨੇ ਉਹਨਾਂ ਦੇ ਨਾਵਲ 'ਚਿੱਟਾ ਲਹੂ' ਦਾ ਰੂਸੀ ਭਾਸ਼ਾ ਵਿੱਚ ਅਨੁਵਾਦ ਕੀਤਾ ਸੀ। ਪਹਿਲੀ ਵਾਰ ਇਸ ਰੂਸੀ ਤਰਜਮੇ ਦੀਆਂ 50,000 ਕਾਪੀਆਂ ਛਾਪੀਆਂ ਗਈਆਂ ਜੋ ਕਿ ਛਪਣ ਦੇ ਪਹਿਲੇ ਮਹੀਨੇ ਹੀ ਸਾਰੀਆਂ ਹੀ ਵਿਕ ਵੀ ਗਈਆਂ ਸਨ। ਇਸੇ ਨਾਵਲ 'ਚਿੱਟਾ ਲਹੂ' ਨੂੰ ਉਨ੍ਹਾਂ ਦੇ ਪੋਤੇ ਦਿਲਰਾਜ ਸਿੰਘ ਸੂਰੀ ਨੇ ਅੰਗਰੇਜ਼ੀ 'ਚ ਵੀ ਅਨੁਵਾਦ ਕੀਤਾ ਸੀ।

ਨਾਵਲ 'ਫੌਲਾਦੀ ਫੁੱਲ' ਅਨਜੋੜ ਵਿਆਹ ਦੀ ਸਮੱਸਿਆ ਪੇਸ਼ ਕਰਦਾ ਹੈ।

'ਕਾਗਤਾਂ ਦੀ ਬੇੜੀ' ਤੇ 'ਪਾਪ ਦੀ ਖੱਟੀ' ਨਾਵਲਾਂ ਵਿੱਚ ਨਿੱਜੀ ਲਾਲਸਾਵਾਂ ਕਾਰਨ ਨਿਕਲਦੇ ਮਾੜੇ ਨਤੀਜਿਆਂ ਬਾਰੇ ਦੱਸਿਆ ਗਿਆ ਹੈ।

1938 ਵਿੱਚ ਆਇਆ ਨਾਵਲ 'ਪਿਆਰ ਦੀ ਦੁਨੀਆਂ' ਵੱਖੋ-ਵੱਖ ਫਿਰਕਿਆਂ ਦੀ ਸਾਂਝ ਨਾਲ਼ ਸੰਬੰਧਿਤ ਨਾਵਲ ਹੈ।

ਨਾਵਲ 'ਗਰੀਬ ਦੀ ਦੁਨੀਆਂ' ਵਿੱਚ ਮਾਲਕ ਤੇ ਮਜ਼ਦੂਰ ਦੇ ਵਿਰੋਧ ਦੀ ਟੱਕਰ ਨੂੰ ਆਪਸੀ ਸਾਂਝ ਵਿੱਚ ਬਦਲ ਕੇ ਨਾਨਕ ਸਿੰਘ ਨੇ ਸਮਾਜ ਸੁਧਾਰ ਦੇ ਥੀਮ ਨੂੰ ਪੇਸ਼ ਕੀਤਾ ਹੈ।

1942 ਵਿੱਚ ਆਇਆ ਨਾਵਲ 'ਪਵਿੱਤਰ ਪਾਪੀ' ਨਾਨਕ ਸਿੰਘ ਦਾ ਸਭ ਤੋਂ ਜ਼ਿਆਦਾ ਚਰਚਿਤ ਨਾਵਲ ਰਿਹਾ। ਇਸ ਨਾਵਲ ਵਿਚਲੇ ਪਾਤਰ 'ਕਿਦਾਰ' ਤੇ 'ਵੀਣਾ' ਰਾਹੀਂ ਨਾਨਕ ਸਿੰਘ ਨੇ ਇੱਕ ਪਾਸੇ ਪਿਆਰ ਦੇ ਭਾਵ ਤੇ ਦੂਜੇ ਪਾਸੇ ਸੰਸਕਾਰਾਂ ਦੇ ਪੱਖ ਬਾਰੇ ਆਪਣੇ ਨਾਵਲ ਵਿੱਚ ਵਿਸ਼ੇ ਦੇ ਤੌਰ 'ਤੇ ਲਿਆ ਹੈ। ਇਸ ਨਾਵਲ ਦੇ 25 ਤੋਂ ਵੱਧ ਐਡੀਸ਼ਨ ਛਪ ਚੁੱਕੇ ਹਨ ਅਤੇ ਇਹ ਕਈ ਹੋਰ ਭਾਸ਼ਾਵਾਂ 'ਚ ਅਨੁਵਾਦ ਵੀ ਹੋ ਚੁੱਕਾ ਹੈ। ਇਸ ਨਾਵਲ 'ਤੇ ਇੱਕ ਸਫ਼ਲ ਬਾਲੀਵੁੱਡ ਫ਼ਿਲਮ ਵੀ ਬਣ ਚੁੱਕੀ ਹੈ।

ਇਸ ਤੋਂ ਇਲਾਵਾ ਨਾਵਲ ਜੀਵਨ ਸੰਗਰਾਮ, ਧੁੰਦਲੇ ਪਰਛਾਵੇਂ, ਦੂਰ ਕਿਨਾਰਾ, ਲਵ ਮੈਰਿਜ ਆਦਿ ਸਮਾਜ ਦੀਆਂ ਵੱਖੋ-ਵੱਖ ਸਮੱਸਿਆਵਾਂ ਦੇ ਪੱਖ ਦੁਖਾਂਤ ਤੇ ਸੁਖਾਂਤ ਰੂਪ ਵਿੱਚ ਨਾਨਕ ਸਿੰਘ ਨੇ ਪੇਸ਼ ਕੀਤੇ ਹਨ।

'ਟੁੱਟੀ ਵੀਣਾ' ਤੇ 'ਗੰਗਾਜਲੀ ਵਿੱਚ ਸ਼ਰਾਬ' ਨਾਵਲ ਵਿੱਚ ਨਾਨਕ ਸਿੰਘ ਨੇ ਵੇਸਵਾਚਾਰੀ ਨਾਲ਼ ਸੰਬੰਧਿਤ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ।

'ਖ਼ੂਨ ਦੇ ਸੋਹਿਲੇ' ਤੇ 'ਅੱਗ ਦੀ ਖੇਡ' ਦੋਵੇਂ ਨਾਵਲ ਦੇਸ਼ ਵੰਡ ਕਾਰਨ ਪੈਦਾ ਹੋਈ ਸਮੱਸਿਆ ਦੀ ਪੇਸ਼ਕਾਰੀ ਕਰਦੇ ਹਨ।

'ਮੰਝਧਾਰ' ਨਾਵਲ ਵਿੱਚ ਉਜਾੜੇ ਕਾਰਨ ਸ਼ਰਨਾਰਥੀਆਂ ਦੇ ਮੁੜ ਵਸੇਬੇ ਦੀ ਸਮੱਸਿਆ ਤੇ 'ਚਿੱਤਰਕਾਰ' ਨਾਵਲ ਵਿੱਚ ਦੇਸ਼ ਵੰਡ ਮਗਰੋਂ ਬੇਰੁਜ਼ਗਾਰੀ ਦੇ ਮਾਹੌਲ ਨਾਲ਼ ਗ਼ਲਤ ਰਸਤੇ ਪਏ ਪਾਤਰ ਨੂੰ 'ਕਲਾ ਰਾਹੀਂ ਸੁਧਾਰ' ਦੇ ਰੂਪ ਵਿੱਚ ਪੇਸ਼ ਕੀਤਾ ਹੈ।

ਨਾਵਲ 'ਆਦਮਖੋਰ' ਸਮਾਜਵਾਦੀ ਭਾਵਨਾ ਸੰਬੰਧਿਤ,'ਕਟੀ ਹੋਈ ਪਤੰਗ' ਆਜ਼ਾਦੀ ਮਗਰੋਂ ਨਵੀਂ ਭਾਰਤੀ ਹਕੂਮਤ ਦੁਆਰਾ ਹੁੰਦੀ ਲੁੱਟ ਸੰਬੰਧਿਤ, 'ਸੁਮਨ ਕਾਂਤਾ' ਹੱਕਾਂ ਲਈ ਲੜਦੀ ਔਰਤ ਸੰਬੰਧਿਤ , 'ਨਾਸੂਰ' ਆਜ਼ਾਦੀ ਬਾਦ ਕਿਰਤੀ ਵਰਗ ਦੇ ਹੰਢਾਏ ਸੰਤਾਪ ਸੰਬੰਧਿਤ, 'ਸੰਗਮ' ਆਜ਼ਾਦੀ ਬਾਦ ਭਾਰਤੀ ਪ੍ਰਬੰਧਕ ਢਾਂਚੇ ਦੀ ਆਈ ਗਿਰਾਵਟ ਸੰਬੰਧਿਤ, 'ਬੰਜਰ' ਪੰਜਾਬੀ ਸੂਬੇ ਦੀ ਮੰਗ ਤੇ ਵਿਰੋਧ ਸੰਬੰਧਿਤ, 'ਆਸਤਕ ਨਾਸਤਕ' ਧਰਮੀ ਜਾਂ ਅਧਰਮੀ ਹੋਣ ਦੇ ਬਾਹਰੀ ਦਿਖਾਵੇ ਤੇ ਚੋਟ ਸੰਬੰਧਿਤ, 'ਪੁਜਾਰੀ' ਪੰਜਾਬ ਪੁਨਰਗਠਨ ਲਹਿਰ ਦੇ ਹਾਲਾਤਾਂ ਨਾਲ਼ ਸੰਬੰਧਿਤ 'ਛਲਾਵਾ' ਚੰਗੇ ਚਰਿੱਤਰ ਤੇ ਮਾੜੇ ਚਰਿੱਤਰ ਨਾਲ਼ ਸੰਬੰਧਿਤ,'ਅਣਸੀਤੇ ਜ਼ਖ਼ਮ' ਮੱਧ ਪ੍ਰਦੇਸ਼ ਦੇ ਜ਼ਮੀਂਦਾਰਾਂ ਤੇ ਕਿਸਾਨਾਂ ਦੀ ਜੱਦੋ-ਜਹਿਦ ਨਾਲ਼ ਸੰਬੰਧਿਤ, 'ਪੱਥਰ ਦੇ ਖੰਭ' ਭਾਰਤੀ ਨਾਰੀ ਦੀ ਸਵੈ ਸ਼ਕਤੀ ਨਾਲ਼ ਸੰਬੰਧਿਤ ਨਾਵਲ ਹੈ।

ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਗ਼ਦਰ ਲਹਿਰ ਦੇ ਗ਼ਦਰੀਆਂ ਨੂੰ ਸ਼ਰਧਾਂਜਲੀ ਦੇ ਰੂਪ ਵਿੱਚ ਲਿਖਿਆ ਇੱਕ ਇਤਿਹਾਸਕ ਤੇ ਰਾਜਸੀ ਨਾਵਲ ਹੈ। ਨਾਨਕ ਸਿੰਘ ਦੇ ਇਸ ਨਾਵਲ 'ਇਕ ਮਿਆਨ ਦੋ ਤਲਵਾਰਾਂ' ਦੀ ਟਾਲਸਟਾਏ ਦੇ ਮਸ਼ਹੂਰ ਨਾਵਲ 'ਵਾਰ ਐਂਡ ਪੀਸ' ਨਾਲ ਤੁਲਨਾ ਕੀਤੀ ਜਾਂਦੀ ਹੈ।

ਉਨ੍ਹਾਂ ਨੂੰ ਅਪਣੇ ਨਾਵਲ ਇਸ ਨਾਵਲ 'ਇਕ ਮਿਆਨ ਦੋ ਤਲਵਾਰਾਂ' ਲਈ 1961 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਦਿੱਲੀ ਵੀ ਮਿਲ੍ਹਿਆ।

ਇਸ ਤਰ੍ਹਾਂ ਨਾਨਕ ਸਿੰਘ ਆਪਣੀ ਨਾਵਲ ਯਾਤਰਾ 'ਅੱਗੇ ਵਰ ਨਹੀਂ ਸਰਾਪ', 'ਕੋਈ ਹਰਿਆ ਬੂਟ ਰਹਿਓ ਰੀ', 'ਸਰਾਪੀਆਂ ਰੂਹਾਂ' ਲਿਖਦੇ ਹੋਏ, ਅਖ਼ੀਰਲੇ ਨਾਵਲ 'ਗਗਨ ਦਮਾਮਾ ਬਾਜਿਆ' ਜੋ ਕਿ ਨਵਯੁਗ ਪਬਲਿਸ਼ਰਜ਼ ਦਿੱਲੀ ਵੱਲੋਂ 1967 ਵਿੱਚ ਛਾਪਿਆ ਗਿਆ ਤੱਕ ਆਪਣਾ ਸਾਹਿਤਕ ਸਫ਼ਰ ਤੈਅ ਕਰਦੇ ਹਨ।

'ਗਗਨ ਦਮਾਮਾ ਬਾਜਿਆ' ਨਾਵਲ ਵਿੱਚ ਇੱਕ ਜ਼ਿੱਦੀ ਬੱਚੇ ਤੋਂ ਜ਼ਿੰਮੇਵਾਰ ਸੈਨਿਕ ਬਣਨ ਤੱਕ ਦੇ ਸਫ਼ਰ ਨੂੰ ਦਰਸਾਇਆ ਗਿਆ ਹੈ। ਇਹ ਨਾਵਲ 1965 ਦੀ ਹਿੰਦ-ਪਾਕਿ ਜੰਗ ਦੇ ਪਿਛੋਕੜ ਵਿਚ ਲਿਖੀ ਇਕ ਪ੍ਰੀਤ ਕਹਾਣੀ ਹੈ।

ਪੰਜਾਬੀ ਲੇਖਕ ਸੰਤ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਪੰਜਾਬੀ ਨਾਵਲ ਲਿਖਣ 'ਚ ਨਾਨਕ ਸਿੰਘ ਵਰਗਾ ਕੋਈ ਨਹੀਂ ਹੋਇਆ। ਨਾਨਕ ਸਿੰਘ ਦੀ ਉਚਾਈ ਤੱਕ ਕੋਈ ਪੰਜਾਬੀ ਲੇਖਕ ਨਹੀਂ ਪਹੁੰਚ ਸਕਿਆ।

ਪੰਜਾਬੀ ਸਾਹਿਤ ਵਿੱਚ ਇਹ ਇੱਕ ਕਥਨ ਬਣ ਚੁੱਕਿਆ ਹੈ ਕਿ ਜੋ ਵੀ ਪਾਠਕ ਨਾਨਕ ਸਿੰਘ ਦੇ ਨਾਵਲਾਂ ਨੂੰ ਪੜ੍ਹਨ ਬੈਠ ਜਾਂਦਾ ਹੈ,ਉਹ ਸਾਹ ਵੀ ਲੈਣਾ ਵੀ ਭੁੱਲ ਜਾਂਦਾ ਹੈ।

ਨਾਨਕ ਸਿੰਘ ਨੇ ਆਪਣੀ ਜ਼ਿੰਦਗੀ ਵਿੱਚ ਲੱਗਪਗ ਅਠੱਤੀ ਨਾਵਲ,ਨੌਂ ਕਹਾਣੀ ਸੰਗ੍ਰਹਿ,ਚਾਰ ਨਾਟਕ,ਮੇਰੀ ਦੁਨੀਆ (ਸਵੈ-ਜੀਵਨੀ),ਸੱਤ ਪੁਸਤਕਾਂ ਦਾ ਅਨੁ-ਵਾਦ ਕਰਕੇ ਪੰਜਾਬੀ ਸਾਹਿਤ ਨੂੰ ਹੋਰ ਅਮੀਰ ਕੀਤਾ।

*ਮਾਣ-ਸਨਮਾਨ:-*

ਨਾਨਕ ਸਿੰਘ ਨੂੰ ਮਹਿਕਮਾ ਪੰਜਾਬੀ ਪਟਿਆਲਾ ਵੱਲੋਂ 1952 ਵਿੱਚ ਤੇ 1961 ਵਿੱਚ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ। ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਉਹਨਾਂ ਦੇ ਨਾਂ ਦੀ ਡਾਕ ਟਿਕਟ ਵੀ ਜਾਰੀ ਕੀਤੀ। ਪ੍ਰੀਤ ਨਗਰ ਵਿੱਚ ਰਹਿੰਦਿਆਂ 28 ਦਸੰਬਰ 1971 ਦਾ ਦਿਨ ਪੰਜਾਬੀ ਸਾਹਿਤ ਦੀ ਦੁਨੀਆਂ ਵਿੱਚ ਨਾਨਕ ਸਿੰਘ ਦੀ ਜ਼ਿੰਦਗੀ ਦਾ ਆਖਰੀ ਦਿਨ ਸੀ। ਪੰਜਾਬੀ ਸਾਹਿਤ ਵਿੱਚ ਨਾਵਲਕਾਰੀ ਦਾ ਸ਼ਾਹ ਅਸਵਾਰ ਨਾਨਕ ਸਿੰਘ ਹਮੇਸ਼ਾ ਹੀ ਧਰੂ ਤਾਰੇ ਵਾਂਗ ਚਮਕਦਾ ਰਹੇਗਾ।

# ਦਲ-ਬਦਲ ਦਾ ਚੋਲਾ ਪਾੜ ਦਿੱਤਾ ਜਾਣਾ ਚਾਹੀਦੈ

ਮਨੀਸ਼ ਤਿਵਾੜੀ

ਮਹਾਰਾਸ਼ਟਰ ਵਿੱਚ ਸਾਹਮਣੇ ਆਈ ਗਾਥਾ ਇੱਕ ਵਾਰ ਫਿਰ ਦਲ-ਬਦਲ ਵਿਰੋਧੀ ਕਾਨੂੰਨੀ ਤੰਤਰ ਦਾ ਮੁਕੰਮਲ ਫਾਲਤੂਪਣ ਦਰਸਾਉਂਦੀ ਹੈ। ਪਾਰਲੀਮੈਂਟ ਵਿੱਚ ਦਾਖਲ ਹੁੰਦੇ ਸਮੇਂ ਮੈਂ ਜਿਹੜਾ ਪਹਿਲਾਂ ਨਿੱਜੀ ਮੈਂਬਰ ਬਿੱਲ ਪੇਸ਼ ਕੀਤਾ ਸੀ, ਉਹ ਭਾਰਤ ਦੇ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੀ ਸਖਤੀ ਨੂੰ ਘੱਟ ਕਰਦਾ ਹੈ, ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਵਿੱਚ ਦਲ ਬਦਲ ਵਿਰੋਧੀ ਕਾਨੂੰਨ ਕਿਹਾ ਜਾਂਦਾ ਹੈ।ਕਾਨੂੰਨੀ ਪ੍ਰਕਿਰਿਆ ਚਲਾਉਣ ਲਈ ਡੰਡੇ ਨਾਲ ਚਲਾਇਆ ਜ਼ੁਲਮ ਦੇਖ ਕੇ ਮੈਨੂੰ ਪਹਿਲਾਂ ਹੀ ਯਕੀਨ ਹੋ ਗਿਆ ਸੀ। ਇਸ ਵਿਸ਼ੇਸ਼ ਕਾਨੂੰਨੀ ਫੈਸਲੇ ਨੇ ਇੱਕ ਚੰਗੇ ਇਰਾਦੇ ਨਾਲ ਕੰਮ ਕੀਤਾ ਸੀ ਅਤੇ ਲੋਕਤੰਤਰ ਨੂੰ ਕਾਨੂੰਨੀ ਸੰਸਥਾਵਾਂ ਤੋਂ ਚੂਸ ਲਿਆ ਸੀ। ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਆਪਣੀ ਸਿਆਣਪ, ਚੋਣ ਹਲਕੇ ਜਾਂ ਆਮ ਗਿਆਨ ਅਨੁਸਾਰ ਆਪਣੇ ਫੈਸਲੇ ਦੀ ਵਰਤੋਂ ਨਹੀਂ ਕਰ ਸਕਦੇ ਸਨ, ਉਹ ਇੱਕ ਤੇਜ਼ ਪ੍ਰਣਾਲੀ ਦੇ ਕੈਦੀ ਬਣ ਗਏ ਸਨ, ਜਿੱਥੇ ਚੋਣਕਾਰਾਂ ਨੇ ਉਨ੍ਹਾਂ ਨੂੰ ਜਨਤਕ ਅਹੁਦੇ ਉੱਤੇ ਨਿਯੁਕਤ ਕੀਤਾ ਸੀ। ਉਨ੍ਹਾਂ ਕਾਨੂੰਨੀ ਬਦਲਾਂ ਉੱਤੇ ਕੋਈ ਪ੍ਰਭਾਵ ਨਹੀਂ ਪਿਆ, ਜਿਨ੍ਹਾਂ ਨੂੰ ਬਣਾਉਣ ਲਈ ਮਜਬੂਰ ਸਨ। ਫਿਰ ਇੱਕ ਸੰਖੇਪ ਪਿਛੋਕੜ ਹੇਠ ਸੰਵਿਧਾਨ (52ਵੀਂ ਸੋਧ) ਕਾਨੂੰਨ 1985 ਨੇ ਚੋਣਾਂ ਦੇ ਬਾਅਦ ਚੁਣੇ ਪ੍ਰਤੀਨਿਧੀਆਂ ਵੱਲੋਂ ਦਲ ਬਦਲ ਅਤੇ ਦਲ ਬਦਲ ਦੀ ਵਧਦੀ ਪ੍ਰਵਿਰਤੀ ਉੱਤੇ ਪਾਬੰਦੀ ਲਾਉਣ ਲਈ ਭਾਰਤੀ ਸੰਵਿਧਾਨ ਵਿੱਚ 10ਵੀਂ ਅਨੁਸੂਚੀ ਨੂੰ ਜੋੜਿਆ।

ਇਸ ਦਲ ਬਦਲ ਵਿਰੋਧੀ ਕਾਨੂੰਨੀ ਸਾਧਨ ਦੇ ਮਕਸਦਾਂ ਤੇ ਕਾਰਨਾਂ ਦੇ ਬਿਆਨ ਦੀ ਸ਼ੁਰੂਆਤੀ ਤਸਵੀਰ ਨੇ ਇਸ ਨੂੰ ਸਗੋਂ ਖਰਾਬ ਸਥਿਤੀ ਵਿੱਚ ਸਪੱਸ਼ਟ ਤੌਰ ਉੱਤੇ ਪ੍ਰਗਟ ਕੀਤਾ। ਇਸ ਵਿੱਚ ਕਿਹਾ ਗਿਆ ਹੈ, ''ਸਿਆਸੀ ਦਲ ਬਦਲ ਦੀ ਬੁਰਾਈ ਸਿਆਸੀ ਤੌਰ ਦਾ ਵਿਸ਼ਾ ਰਹੀ ਹੈ। ਜੇ ਇਸ ਦਾ ਮੁਕਾਬਲਾ ਨਹੀਂ ਕੀਤਾ ਗਿਆ ਤਾਂ ਇਹ ਸਾਡੇ ਲੋਕਤੰਤਰ ਦੀ ਨੀਂਹ ਅਤੇ ਇਸ ਨੂੰ ਬਣਾਈ ਰੱਖਣ ਵਾਲੇ ਸਿਧਾਂਤਾਂ ਨੂੰ ਕਮਜ਼ੋਰ ਕਰ ਸਕਦੀ ਹੈ।''

ਸਾਲ 1985 ਦੇ ਮੁੱਢਲੇ ਦਲ ਬਦਲ ਵਿਰੋਧੀ ਕਾਨੂੰਨ ਨੇ ਨਿੱਜੀ ਦਲ ਬਦਲ ਦੇ ਕਾਰਿਆਂ ਨੂੰ ਸਜ਼ਾ ਦਿੱਤੀ। ਇਸ ਨੇ ਸਿਆਸੀ ਪਾਰਟੀਆਂ ਵਿੱਚ ਮਤਭੇਦਾਂ ਦੇ ਮਾਪਦੰਡਾਂ ਨੂੰ ਇਸ ਦੇ ਉਲਟ ਪ੍ਰਵਾਨ ਕੀਤਾ। ਇਹ ਲਾਜ਼ਮੀ ਹੈ ਕਿ ਪਾਰਲੀਮੈਂਟਰੀ ਮੈਂਬਰ ਜਾਂ ਕਾਨੂੰਨੀ ਇਕਾਈ ਦੇ ਇੱਕ ਤਿਹਾਈ ਮੈਂਬਰਾਂ ਨੇ ਇੱਕ ਵੱਖਰੀ ਧਿਰ ਬਣਾਈ ਜਾਂ ਖੁਦ ਨੂੰ ਇੱਕ ਆਮ ਸਿਆਸੀ ਸੰਗਠਨ ਵਿੱਚ ਸ਼ਾਮਲ ਕਰ ਲਿਆ ਤਾਂ ਜਿਸ ਵੀ ਕਾਨੂੰਨੀ ਅੰਗ ਲਈ ਉਹ ਚੁਣੇ ਗਏ ਸੀ, ਉਨ੍ਹਾਂ ਦੀ ਮੈਂਬਰੀ ਬਿਨਾਂ ਕਿਸੇ ਰੁਕਾਵਟ ਜਾਰੀ ਰਹੇਗੀ।ਦਲ ਬਦਲ ਦੇ ਜਾਇਜ਼ ਹੋਣ ਉੱਤੇ ਰੋਕ ਲਈ ਇੱਕ ਤਿਹਾਈ ਉੱਤੇ ਇਸ ਨੂੰ ਕਿਉਂ ਸੈਟ ਕੀਤਾ ਗਿਆ ਸੀ, 10ਵੀਂ ਸ਼ਡਿਊਲ ਦੇ ਪੈਰਾਗ੍ਰਾਫ ਤਿੰਨ ਵਿੱਚ ਸਾਫ ਕਿਹਾ ਗਿਆ ਸੀ ਕਿ ਇਸ ਨੂੰ 'ਇਮਾਨਦਾਰ ਅਸਹਿਮਤੀ' ਦੇ ਸਿਧਾਂਤ ਦੇ ਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ ਭਾਵ ਕਿਸੇ ਪਾਰਲੀਮੈਂਟਰੀ ਜਾਂ ਕਾਨੂੰਨੀ ਧਿਰ ਦੀ ਤਾਕਤ ਦਾ ਘੱਟ ਤੋਂ ਘੱਟ ਇੱਕ ਤਿਹਾਈ ਸਮੂਹਿਕ ਤੌਰ ਉੱਤੇ ਆਪਣੇ ਮੂਲ ਸਿਆਸੀ ਧਿਰ ਵੱਲੋਂ ਅਪਣਾਈ ਵਿਚਾਰਕ ਜਾਂ ਸਿਆਸੀ ਦਿਸ਼ਾ ਦੇ ਬਾਰੇ ਰਾਖਵਾਂਕਰਨ ਹਾਸਲ ਕਰ ਸਕਦਾ ਤੇ ਇਸ ਲਈ ਉਨ੍ਹਾਂ ਦੇ ਜਾਣ ਦਾ ਫੈਸਲਾ ਕਰ ਸਕਦਾ ਹੈ। ਉਨ੍ਹਾਂ ਨੂੰ ਆਪਣਾ ਰਸਤਾ ਅਪਣਾਉਣ ਲਈ ਕਹਿ ਸਕਦਾ ਹੈ। ਇਸ ਕਾਨੂੰਨ ਨੇ ਅਸਲ ਵਿੱਚ ਇੱਕ ਪ੍ਰਚੂਨ ਬਿਮਾਰੀ ਨੂੰ ਬਿਮਾਰੀ ਵਿੱਚ ਬਦਲ ਦਿੱਤਾ ਸੀ। ਵੰਡ ਦੇ ਕਾਰਨ ਵਿਚਾਰਕ ਨਹੀਂ ਮੌਕਾਪ੍ਰਸਤ ਬਣੇ ਰਹੇ। ਐੱਨ ਡੀ ਏ ਸਰਕਾਰ ਨੇ ਇਸ ਖਾਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਦਲ-ਬਦਲ ਵਿਰੋਧੀ ਕਾਨੂੰਨ ਤੋਂ ਧਾਰਾ ਤਿੰਨ ਨੂੰ ਹਟਾ ਦਿੱਤਾ, ਜਿਸ ਨੇ ਇੱਕ ਤਿਹਾਈ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਮੂਲ ਸਿਆਸੀ ਸੰਗਠਨ ਤੋਂ ਵੱਖ ਹੋਣ ਦੀ ਇਜਾਜ਼ਤ ਦਿੱਤੀ ਸੀ।

ਸੋਧ ਕਾਨੂੰਨ ਨੇ ਪੈਰਾਗਰਾਫ ਚਾਰ ਨੂੰ ਖੇਤਰ ਵਿੱਚ ਰੱਖਣ ਦੀ ਇਜਾਜ਼ਤ ਦਿੱਤੀ। ਇਸ ਨੇ ਕਿਸੇ ਸਿਆਸੀ ਪਾਰਟੀ ਦੇ ਚੁਣੇ ਪ੍ਰਤੀਨਿਧਾਂ ਵਿੱਚ ਦੋ ਤਿਹਾਈ ਨੂੰ ਅਧਿਕਾਰਤ ਕੀਤਾ, ਜੇ ਉਹ ਅਜਿਹਾ ਚੁਣਦੇ ਹਨ ਤਾਂ ਮੌਜੂਦਾ ਸਿਆਸੀ ਪਾਰਟੀ ਨਾਲ ਰਲੇਵਾਂ ਕਰ ਸਕਦੇ ਹਨ ਜਾਂ ਇਸ ਤਰ੍ਹਾਂ ਦੇ ਬਦਲਦੇ ਨਤੀਜੇ ਵਜੋਂ ਇੱਕ ਸਿਆਸੀ ਪਾਰਟੀ ਬਣਾ ਸਕਦੇ ਹਨ।ਇਹ ਦਸਵੀਂ ਸੂਚੀ ਦੇ ਤਹਿਤ ਉਨ੍ਹਾਂ ਦੀ ਕਾਨੂੰਨੀ ਸਥਿਤੀ ਨੂੰ ਪ੍ਰਭਾਵਤ ਨਹੀਂ ਕਰੇਗਾ। ਪ੍ਰਭਾਵੀ ਤੌਰ ਉੱਤੇ ਇਸ ਸੰਵਿਧਾਨ ਸੋਧ ਨੇ ਜੋ ਹਾਸਲ ਕੀਤਾ, ਉਹ ਥੋਕ ਵਿੱਚ ਦਲ ਬਦਲ ਦੀ ਹੱਦ ਨੂੰ ਇੱਕ ਤਿਹਾਈ ਤੋਂ ਦੋ ਤਿਹਾਈ ਤੱਕ ਵਧਾ ਰਿਹਾ ਸੀ। ਇਹ ਦੇਖਦੇ ਹੋਏ ਕਿ ਰੇ ਕੇਸ਼ਵਾਨੰਦ ਭਾਰਤੀ ਵਾਲੇ ਕੇਸ ਵਿੱਚ ਸੁਪਰੀਮ ਕੋਰਟ ਨੇ ਸੱਤ-ਛੇ ਦੇ ਬਹੁਮਤ ਨਾਲ ਪਾਰਲੀਮੈਂਟਰੀ ਲੋਕਤੰਤਰ ਨੂੰ ਮੁੱਢਲਾ ਰਾਹ ਮੰਨਿਆ, ਸੰਵਿਧਾਨ ਦੀ ਦਸਵੀਂ ਸੂਚੀ ਮੂਲਢਾਂਚਾ ਸਿਧਾਂਤ ਭਾਵ ਪਾਰਲੀਮੈਂਟਰੀ ਲੋਕਤੰਤਰ ਦੇ ਸਿਧਾਂਤ ਨੂੰ ਅੱਖਰ ਅਤੇ ਭਾਵਨਾ ਦੋਵਾਂ ਵਿੱਚ ਨਕਾਰ ਦਿੰਦੀ ਹੈ। ਇੱਕ ਪ੍ਰਤੀਨਿਧੀ ਚੁਣਨ ਲਈ ਉਸ ਈ ਵੀ ਐੱਮ ਬਟਨ ਨੂੰ ਦਬਾਉਣ ਲਈ ਕੜਕਦੀ ਧੁੱਪ ਵਿੱਚ ਖੜ੍ਹਾ ਹੋਣ ਵਾਲਾ ਛੋਟਾ ਜਿਹਾ ਆਦਮੀ ਅਸਲ ਵਿੱਚ ਅਗਲੇ ਪੰਜ ਸਾਲਾਂ ਵਿੱਚ ਕੋਈ ਭੂਮਿਕਾ ਨਹੀਂ ਰੱਖਦਾ।

ਅੱਗੋਂ ਅਸੀਂ ਨਿੱਜੀ ਮੈਂਬਰ ਦੇ ਬਿੱਲ ਉੱਤੇ ਆਉਂਦੇ ਹਾਂ ਜਿਵੇਂ ਮੈਂ 2010 ਵਿੱਚ ਪੇਸ਼ ਕੀਤਾ ਸੀ ਅਤੇ 2020 ਵਿੱਚ ਸੰਵਿਧਾਨ (ਸੋਧ) ਬਿੱਲ 2020 (10ਵੀਂ ਅਨੁਸੂਚੀ ਵਿੱਚ ਸੋਧ) ਦੇ ਨਾਂਅ ਨਾਲ ਮੁੜ ਤੋਂ ਪੇਸ਼ ਕੀਤਾ। ਇਸ ਦੇ ਤਹਿਤ ਇਹ ਕਲਪਨਾ ਕਰਦਾ ਹੈ ਕਿ ਸਿਰਫ ਉਸ ਕਾਨੂੰਨੀ ਕਾਰੋਬਾਰ ਲਈ ਵ੍ਹਿਪ ਜਾਰੀ ਕੀਤਾ ਜਾ ਸਕਦਾ ਹੈ, ਜੋ ਸਰਕਾਰ ਦੀ ਸਥਿਰਤਾ ਨੂੰ ਧਮਕੀ ਦਿੰਦਾ ਹੈ।ਕਿਸੇ ਪਾਰਲੀਮੈਂਟ ਮੈਂਬਰ ਦੀ ਅਯੋਗਤਾ ਸਿਰਫ ਇਸ ਆਧਾਰ ਉੱਤੇ ਹੋਣੀ ਚਾਹੀਦੀ ਹੈ ਕਿ ਜੇ ਉਹ ਭਰੋਸਗੀ ਮਤਾ, ਬੇਭਰੋਸਗੀ ਮਤਾ, ਮੁਲਤਵੀ ਮਤਾ, ਧਨ ਬਿੱਲ ਜਾਂ ਵਿੱਤੀ ਮਾਮਲੇ ਬਾਰੇ ਨਿਰਦੇਸ਼ ਦੇ ਉਲਟ ਸਦਨ ਵਿੱਚ ਵੋਟ ਪਾਉਂਦਾ ਜਾਂ ਵੋਟ ਪਾਉਣ ਤੋਂ ਦੂਰ ਰਹਿੰਦਾ ਹੈ, ਇਸ ਨੂੰ ਉਸ ਸੰਬੰਧ ਵਿੱਚ ਪਾਰਟੀ ਵੱਲੋਂ ਜਾਰੀ ਕੀਤਾ ਗਿਆ ਹੈ, ਜਿਸ ਪਾਰਟੀ ਨਾਲ ਉਹ ਸੰਬੰਧਤ ਹੈ ਅਤੇ ਕਿਸੇ ਹੋਰ ਮਾਮਲੇ ਵਿੱਚ ਨਹੀਂ।

ਸਮਾਂ ਆ ਗਿਆ ਹੈ ਕਿ ਇਸ ਕਾਨੂੰਨ ਸੰਚਾਲਿਤ ਨੈਤਿਕਤਾ ਦੇ ਚੋਲੇ ਨੂੰ ਪਾੜ ਦਿੱਤਾ ਜਾਵੇ। ਦਸਵੀਂ ਸੂਚੀ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਸਿਆਸੀ ਇਮਾਨਦਾਰੀ ਨੂੰ ਲਾਗੂ ਕਰਨ ਲਈ ਪਾਰਲੀਮੈਂਟ ਨੂੰ ਵੀ ਨਵਾਂ ਤੌਰ ਤਰੀਕਾ ਲਾਗੂ ਕਰਨਾ ਚਾਹੀਦਾ ਹੈ।

# ਮਿੰਨੀ ਕਹਾਣੀ: 'ਪੁੱਤ'

ਉੱਚੇ ਪਿੰਡ ਦੇ ਦਰਸ਼ਨ ਸਿੰਘ ਤੇ ਭਾਗ ਸਿੰਘ ਦੀ ਵੱਟ ਨਾਲ ਵੱਟ ਸਾਂਝੀ ਸੀ ਤੇ ਉਹਨਾਂ ਵਿਚਾਲੇ ਦੋ ਕੁ ਕਨਾਲਾਂ ਦਾ ਕਾਫੀ ਵਿਵਾਦ ਚੱਲ ਰਿਹਾ ਸੀ। ਪਟਵਾਰੀ ਤੋਂ ਨਿਸ਼ਾਨਦੇਹੀ ਕਰਵਾਈ ਤਾਂ ਜ਼ਮੀਨ ਭਾਗ ਸਿੰਘ ਹੁਣਾਂ ਵੱਲ ਨਿਕਲੀ ਸੀ ਪਰ ਕਿਸੇ 'ਗੁੱਝੀ ਛਹਿ' ਤੇ ਪੈਸੇ ਧੇਲੇ ਵਾਲੇ ਹੋਣ ਕਾਰਨ ਉਹ ਹਮੇਸ਼ਾ ਟਾਲ ਮਟੋਲ ਕਰਦੇ ਰਹਿੰਦੇ ਸੀ। ਦਰਸ਼ਨ ਸਿੰਘ ਨੇ ਕਾਫੀ ਕੋਸ਼ਸ਼ਿਾਂ ਕਰਕੇ ਵੇਖੀਆਂ, ਕਦੇ ਆਪ ਉਹਨਾਂ ਦੇ ਘਰੇ ਜਾ ਕੇ ਵੱਟ ਪਵਾਉਣ ਲਈ ਬੇਨਤੀ ਕੀਤੀ ਤੇ ਕਦੇ ਉਹਨਾਂ ਦੇ ਰਿਸ਼ਤੇਦਾਰਾਂ ਘਰ ਗੇੜੇ ਮਾਰੇ, ਪਰ ਗੱਲ ਕਿਸੇ ਲੀਹ ਤੇ ਨਹੀ ਆ ਰਹੀ ਸੀ। ਪਿੰਡ ਦੀ ਪੰਚਾਇਤ ਨੇ ਵੀ ਗੋਗਲੂਆਂ ਤੋਂ ਮਿੱਟੀ ਝਾੜਣ ਦਾ ਹੀ ਕੰਮ ਕੀਤਾ ਤੇ ਅਖੀਰ ਮਾਮਲਾ ਥਾਣੇ ਤੱਕ ਪਹੁੰਚ ਚੁੱਕਿਆ ਸੀ। ਦੂਜੀ ਧਿਰ ਪੈਸੇ ਤੇ ਰਸੂਖ ਵਾਲੀ ਸੀ, ਇਸ ਕਰਕੇ ਉਹ ਦਰਸ਼ਨ ਸਿੰਘ ਦੇ ਪੈਰ ਲੱਗਣ ਨਹੀ ਦੇ ਰਹੀ ਸੀ।

ਪਿੰਡ ਦੇ ਹੀ ਕਿਸੇ ਮੋਹਤਬਰ ਬੰਦੇ ਨੇ ਦਰਸ਼ਨ ਸਿੰਘ ਨੂੰ ਸਲਾਹ ਦਿੱਤੀ "ਵੋਟਾਂ ਸਿਰ ਤੇ ਨੇਂ, ਅੱਜਕੱਲ ਤਾਂ ਸਾਰੇ ਮੰਤਰੀ ਸੰਤਰੀ ਮੰਜੇ ਦੀ ਪੈਂਦ ਤੇ ਆ ਕੇ ਬਹਿੰਦੇ ਨੇਂ, ਆਪਣੇ ਲੀਡਰ ਸ੍ਹਾਬ ਦਾ ਫੋਨ ਕਰਵਾ ਦਿਓ, ਜਿੱਥੇ ਪੈਸਾ ਨਹੀ ਚੱਲਦਾ, ਉੱਥੇ ਕਈ ਵਾਰੀ ਸ਼ਿਫਾਰਸ਼ ਵੀ ਕੰਮ ਕਰਵਾ ਦਿੰਦੀ ਐ।" ਦਰਸ਼ਨ ਸਿੰਘ ਨੂੰ ਗੱਲ ਜੱਚ ਗਈ ਤੇ ਅਗਲੇ ਦਿਨ ਸਵੇਰੇ ਹੀ ਆਪਣੀ ਪਾਰਟੀ ਦੇ ਲੀਡਰ ਬਲਦੇਵ ਸਿੰਘ ਹੁਰਾਂ ਦੇ ਘਰ ਬਾਹਰ ਖੜਾ ਸੀ। ਥੋੜਾ ਸਮਾਂ ਇੰਤਜ਼ਾਰ ਕਰਨ ਤੋਂ ਬਾਅਦ ਮੰਤਰੀ ਦੇ ਸੈਕਟਰੀ ਨੇ ਉਸ ਨੂੰ ਅੰਦਰ ਬੁਲਾਇਆ।

ਅੰਦਰ ਜਾਂਦਿਆਂ ਹੀ ਸਰਸਰੀ ਗੱਲਬਾਤ ਤੋਂ ਬਾਅਦ ਦਰਸ਼ਨ ਸਿੰਘ ਨੇ ਸੰਖੇਪ ਚ ਸਾਰਾ ਮਾਮਲਾ ਦੱਸ ਕੇ ਨਿਮਾਣਾ ਜਿਹਾ ਹੋ ਕੇ ਕਿਹਾ "ਜਨਾਬ, ਤੁਹਾਨੂੰ ਤਾਂ ਪਤਾ ਈ ਐ ਬਈ ਅਸੀ ਪਹਿਲੇ ਦਿਨ ਤੋਂ ਈ ਤੁਹਾਡੇ ਨਾਲ ਤੁਰਦੇ ਆਏ ਹਾਂ, ਪਿਛਲੀ ਵਾਰ ਵੀ ਘਰ ਘਰ ਜਾ ਕੇ ਤੁਹਾਡੇ ਲਈ ਪ੍ਰਚਾਰ ਕੀਤਾ ਸੀ, ਤੁਹਾਡੇ ਕਹਿਣ ਨਾਲ ਜੇ ਸਾਡੀ ਸੁਣਵਾਈ ਹੋ ਜਾਵੇ ਤਾਂ ਫਿਰ ਸਾਨੂੰ ਹੋਰ ਕੀ ਚਾਹੀਦਾ ਐ।"

ਮੰਤਰੀ ਬਲਦੇਵ ਸਿੰਘ ਨੇ ਮੁੱਛਾਂ ਨੂੰ ਤਾਅ ਦਿੰਦੇ ਕਿਹਾ "ਇਹ ਵੀ ਕੋਈ ਕਹਿਣ ਦੀ ਗੱਲ ਐ ਦਰਸ਼ਨ ਸਿੰਹਾਂ ? ਕੋਈ ਚੱਕਰ ਨਹੀਂ, ਲਿਆ ਬਈ ਫੋਨ ਮਿਲਾ ਕੇ ਦੇ" ਤੇ ਨਾਲ ਹੀ ਇਸ਼ਾਰੇ ਨਾਲ ਆਪਣੇ ਸੈਕਟਰੀ ਨੂੰ ਥਾਣੇ ਫੋਨ ਮਿਲਾਉਣ ਲਈ ਕਿਹਾ।

"ਹੈਲੋ, ਐੱਮ ਐੱਲ ਏ ਬਲਦੇਵ ਸਿੰਘ ਗੱਲ ਕਰ ਰਿਹਾਂ, ਉੱਚੇ ਪਿੰਡ ਦੀ ਜ਼ਮੀਨ ਦਾ ਮਾਮਲਾ ਤੁਹਾਡੇ ਕੋਲ ਈ ਐ ਨਾਂ ?, ਹਾਂ ! ਗੌਰ ਨਾਲ ਸੁਣੋ....ਦਰਸ਼ਨ ਸਿੰਘ ਹੁਣੀਂ ਆਪਣੇ ਖਾਸ ਬੰਦੇ ਨੇਂ, ਦੂਜੀ ਪਾਰਟੀ ਨੂੰ ਖਿੱਚ ਕੇ ਰੱਖੋ ਤੇ ਇਹਨਾਂ ਦਾ ਕੰਮ ਪਹਿਲ ਦੇ ਆਧਾਰ ਤੇ ਹੋਣਾ ਚਾਹੀਦਾ, ਦੁਬਾਰਾ ਕਹਿਣ ਦੀ ਲੋੜ ਨਾਂ ਪਵੇ।" ਤੇ ਫੋਨ ਸੈਕਟਰੀ ਨੂੰ ਫੜਾ ਦਿੱਤਾ।

ਫੋਨ ਉੱਤੇ ਹੋਈ ਗੱਲਬਾਤ ਸੁਣ ਕੇ ਦਰਸ਼ਨ ਸਿੰਘ ਨੂੰ ਤਸੱਲੀ ਹੋ ਗਈ ਤੇ ਧੰਨਵਾਦ ਕਰਨ ਤੋਂ ਬਾਅਦ ਉਹ ਅਜੇ ਕੋਠੀ ਦਾ ਬੂਹਾ ਟੱਪਿਆ ਹੀ ਸੀ ਕਿ ਬਲਦੇਵ ਸਿੰਘ ਨੇ ਦੁਬਾਰਾ ਥਾਣੇਦਾਰ ਨੂੰ ਫੋਨ ਮਿਲਾਇਆ "ਹਾਂ ਥਾਣੇਦਾਰ ਸ੍ਹਾਬ, ਓ ਤੁਹਾਨੂੰ ਪਤਾ ਈ ਐ ਵੋਟਾਂ ਨੇੜੇ ਈ ਨੇਂ, ਅਸੀ ਤਾਂ ਸਾਰਿਆਂ ਨੂੰ ਈ 'ਪੁੱਤ' ਦੇਣੇ ਐ, ਜਿਹੜਾ ਵੱਧ ਜੇਬ ਗਰਮ ਕਰਦਾ ਏ, ਉਹਦੇ ਹੱਕ ਚ ਫੈਸਲਾ ਕਰਿਓ ਅਤੇ ਹਾਂ, ਵੋਟਾਂ ਸਿਰ ਤੇ ਨੇ, ਕੁਝ ਚੋਣ ਫੰਡ 'ਕੋਠੀ' ਵੀ ਪੁੱਜਦਾ ਕਰ ਦਿਓ।" ਉੱਚੀ ਅਵਾਜ਼ ਵਿੱਚ ਠਹਾਕਾ ਲਾ ਕੇ ਉਸ ਨੇ ਫੋਨ ਰੱਖ ਦਿੱਤਾ।

ਦਰਸ਼ਨ ਸਿੰਘ ਮੰਤਰੀ ਦੀ ਕੋਠੀ ਚੋਂ 'ਪੁੱਤ' ਲੈ ਕੇ ਖੁਸ਼ੀ ਖੁਸ਼ੀ ਘਰ ਨੂੰ ਜਾ ਰਿਹਾ ਸੀ।

*-ਅਰਸ਼ ਸਿੱਧੂ*
*ਅਲਫੂ ਕੇ (ਫਿਰੋਜ਼ਪੁਰ)*
*94642-15070*

# ਸਮਾਜਿਕ ਫਾਸਲਿਆਂ ਦੀ ਕਹਾਣੀ ਪੇਸ਼ ਕਰ ਗਿਆ ਨਾਟਕ ਫਾਸਲੇ

ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਸ੍ਰੀ ਜਤਿੰਦਰ ਬਰਾੜ ਦਾ ਲਿਖਿਆ ਅਤੇ ਪ੍ਰੋਫੈਸਰ ਇਮੈਨੂਅਲ ਸਿੰਘ ਦੁਆਰਾ ਨਿਰਦੇਸ਼ਤ ਨਾਟਕ ਫਾਸਲੇ ਦਾ ਪੰਜਾਬ ਨਾਤਸ਼ਾਲਾ ਵਿਚ ਸਫਲਤਾਪੂਰਵਕ ਮੰਚਨ ਹੋਇਆ। ਫਾਸਲੇ ਨਾਟਕ ਦੀ ਕਹਾਣੀ ਮੰਡ ਖੇਤਰ ਦੇ ਇਕ ਪਛੜੇ ਹੋਏ ਪਿੰਡ ਦੀ ਡਿਸਪੈਂਸਰੀ ਵਿੱਚ ਤਾਇਨਾਤ ਸ਼ਹਿਰੀ ਡਾਕਟਰ ਅਤੇ ਸਪੇਨ ਦੀ ਮੁਹੱਬਤ ਦੁਆਲੇ ਘੁੰਮਦੀ ਹੈ। ਫਾਸਲੇ ਨਾਟਕ ਵਿੱਚ ਦਿਨ ਬਦਿਨ ਸਾਡੇ ਸਮਾਜ ਵਿੱਚ ਵਧ ਰਹੇ ਊਚ ਨੀਚ ਜਾਤ ਪਾਤ ਅਮੀਰੀ ਗ਼ਰੀਬੀ ਦੇ ਫ਼ਾਸਲੇ ਨੂੰ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਨਾਟਕ ਵਿਚ ਸਰਕਾਰੀ ਅਦਾਰਿਆਂ ਵਿੱਚ ਹੁੰਦੀ ਲੁੱਟ ਖਸੁੱਟ ਤੇ ਫੈਲੇ ਭ੍ਰਿਸ਼ਟਾਚਾਰ ਬਾਰੇ ਵੀ ਤਿੱਖਾ ਵਿਅੰਗ ਕੀਤਾ ਗਿਆ ਹੈ। ਨਾਟਕ ਵਿੱਚ ਅੰਤਰਰਾਸ਼ਟਰੀ ਪੱਧਰ ਦੀਆਂ ਰੰਗਮੰਚ ਤਕਨੀਕਾਂ ਦੀ ਵਰਤੋਂ ਕੀਤੀ ਗਈ ਹੈ ਜਿਨ੍ਹਾਂ ਵਿੱਚ ਨਾਟਕ ਦੇ ਦ੍ਰਿਸ਼ਾਂ ਅਨੁਸਾਰ ਮੰਚ ਉੱਪਰ ਅਤੇ ਦਰਸ਼ਕਾਂ ਉਪਰ ਬਾਰਿਸ਼ ਹੋਣਾ, ਚੰਨ ਤਾਰਿਆਂ ਨਾਲ ਭਰਿਆ ਅਸਮਾਨ, ਫੁੱਲਾਂ ਦੀ ਖੁਸ਼ਬੂ, ਦਰਿਆ ਦਾ ਦਿਲਕਸ਼ ਨਜ਼ਾਰਾ ਆਦਿ ਦੀ ਪੇਸ਼ਕਾਰੀ ਦਰਸ਼ਕਾਂ ਦੇ ਦਿਲਾਂ ਨੂੰ ਧੁਰ ਅੰਦਰ ਤਕ ਧੂਹ ਪਾਉਂਦੀ ਹੈ।

ਫਾਸਲੇ ਨਾਟਕ ਸਾਡੇ ਸਮਾਜ ਦੇ ਭਿੰਨ ਭਿੰਨ ਪੱਖਾਂ ਵਿੱਚ ਵਧ ਰਹੇ ਫ਼ਾਸਲਿਆਂ ਦੀ ਨਿਸ਼ਾਨਦੇਹੀ ਕਰਦਾ ਹੈ ਭਾਵੇਂ ਸਾਇੰਸ ਦੀ ਤਰੱਕੀ ਦੁਆਰਾ ਅਤਿ ਆਧੁਨਿਕ ਸੰਚਾਰ ਸਾਧਨਾਂ ਸਦਕਾ ਭੂਗੋਲਿਕ ਫ਼ਾਸਲੇ ਘਟੇ ਹਨ ਪਰ ਮਨੁੱਖੀ ਮਨਾਂ ਦੇ ਫ਼ਾਸਲੇ ਵਧ ਰਹੇ ਹਨ ਜਾਤ ਪਾਤ ਊਚ ਨੀਚ ਧਰਮਾਂ ਵਰਗਾਂ ਅਤੇ ਫਿਰਕਿਆਂ ਦੇ ਫ਼ਾਸਲੇ ਵਧ ਰਹੇ ਹਨ ਵਾਸਤਵ ਵਿੱਚ ਅਮੀਰੀ ਗ਼ਰੀਬੀ ਦਾ ਫ਼ਾਸਲਾ ਇਸ ਨਾਟਕ ਦਾ ਕੇਂਦਰੀ ਬਿੰਦੂ ਹੈ ਉੱਚੇ ਇਖ਼ਲਾਕ ਵਾਲੇ ਸੂਝਵਾਨ ਲੋਕ ਕੋਈ ਸਮਾਜਿਕ ਕਦਰਾਂ ਕੀਮਤਾਂ ਦੇ ਤਾਣੇ ਬਾਣੇ ਵਿੱਚ ਫਸੇ ਹੋਏ ਬੇਵੱਸ ਪ੍ਰਤੀਤ ਹੁੰਦੇ ਹਨ ਤਾਂ ਹੀ ਨਾਟਕ ਕੋਈ ਸ਼ਹਿਰੀ ਨੌਜਵਾਨ ਤੇ ਸਪੇਰਣ ਮੁਟਿਆਰ ਦੀ ਖਾਮੋਸ਼ ਮੁਹੱਬਤ ਗ਼ਲਤ ਸਮਾਜਿਕ ਕਦਰਾਂ ਕੀਮਤਾਂ ਦੀ ਭੇਟ ਚੜ੍ਹਦੀ ਹੈ ਮੈਂ ਲਿਖਿਆ ਪੈਸੇ ਦੇ ਲੋਭ ਲਾਲਚ ਭ੍ਰਿਸ਼ਟਾਚਾਰ ਵੱਢੀਖੋਰੀ ਅਤੇ



ਨਿਰਦਈ ਪਣ ਵਰਗੇ ਵਰਤਾਰੇ ਭ੍ਰਿਸ਼ਟ ਨਿਜ਼ਾਮ ਨੂੰ ਸਥਾਪਤ ਕਰਕੇ ਸਾਡੇ ਸਮਾਜਿਕ ਪ੍ਰਬੰਧ ਨੂੰ ਕਲੰਕਤ ਕਰਦੇ ਹਨ। ਇਹ ਨਾਟਕ ਇਨ੍ਹਾਂ ਸਮਾਜਿਕ ਫ਼ਾਸਲੇ ਨੂੰ ਮਿਟਾਉਣ ਲਈ ਯਤਨਸ਼ੀਲ ਹੈ। ਫਾਸਲੇ ਨਾਟਕ ਦੀ ਪੇਸ਼ਕਾਰੀ ਪੂਰਵਲੀਆਂ ਪੇਸ਼ਕਾਰੀਆਂ ਨਾਲੋਂ ਬਿਲਕੁਲ ਨਿਵੇਕਲੀ ਕਿਸਮ ਦੀ ਹੈ। ਸਿਰਫ਼ ਲੋਕ ਧੁਨਾਂ ਦੀ ਵਰਤੋਂ ਕਰਕੇ ਇਸ ਨੂੰ ਸੰਗੀਤਕ ਨਾਟਕ ਸਥਾਪਤ ਕੀਤਾ ਗਿਆ ਹੈ। ਮੰਚ ਉੱਤੇ ਨਵੀਂ ਕਿਸਮ ਦੇ ਸੈੱਟ ਅਤੇ ਪ੍ਰਯੋਗ ਇਸ ਦੀ ਖ਼ੂਬਸੂਰਤੀ ਨੂੰ ਹੋਰ ਵਧਾਉਂਦੇ ਹਨ।

ਨਾਟਕ ਦੇ ਸਹਿ ਨਿਰਦੇਸ਼ਕ ਅਤੇ ਮੁੱਖ ਪਾਤਰ ਪ੍ਰੋਫੈਸਰ ਸਮਰੀਤ ਕੌਰ ਦੀ ਭਾਵਪੂਰਤ ਪੇਸ਼ਕਾਰੀ ਹਰ ਦ੍ਰਿਸ਼ ਵਿੱਚ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਗਈ ਇਸ ਤੋਂ ਇਲਾਵਾ ਡਾਕਟਰ ਦੀ ਭੂਮਿਕਾ ਕਰਨਵੀਰ ਸਿੰਘ, ਪਿਤਾ ਦੀ ਭੂਮਿਕਾ ਡਾ. ਆਤਮਾ ਸਿੰਘ ਗਿੱਲ, ਮਾਂ ਦੀ ਭੂਮਿਕਾ ਵਿਚ ਡੌਲੀ ਸੱਡਲ, ਦਾਰੇ ਦੀ ਭੂਮਿਕਾ ਵਿਚ ਮਰਕਸਪਾਲ ਗੁਮਟਾਲਾ, ਮਨਦੀਪ ਕੌਰ, ਗੁਰਸਾਹਬ, ਧਿਆਨ ਚੰਦ, ਕੋਮਲ ਸ਼ਰਮਾ, ਰਾਜਵਿੰਦਰ ਕੌਰ, ਲਵਪ੍ਰੀਤ, ਰਾਜਬੀਰ ਸਿੰਘ, ਰੌਬਿਨਬੀਰ ਕੌਰ ਆਦਿ ਅਦਾਕਾਰਾਂ ਦੀ ਭੂਮਿਕਾ ਨੇ ਦਰਸ਼ਕਾਂ ਨੂੰ ਆਖਰ ਤੱਕ ਕੀਲੀ ਰੱਖਿਆ। ਹੈਰੀਸਨ, ਪ੍ਰਭਜੋਤ ਸੰਘਾ ਅਤੇ ਨਿਕਿਤਾ ਪੁਰੀ ਦੀ ਖ਼ੂਬਸੂਰਤ ਆਵਾਜ਼ ਨੇ ਨਾਟਕ ਨੂੰ ਸਿਖਰ ਉਪਰ ਪਹੁੰਚਾ ਦਿੱਤਾ।

ਸ੍ਰੀ ਜਤਿੰਦਰ ਬਰਾੜ ਦਾ ਲਿਖਿਆ ਨਾਟਕ ਫਾਸਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੱਖ ਵੱਖ ਕਾਲਜਾਂ ਵਿੱਚ ਪੜ੍ਹਾਏ ਜਾਂਦੇ ਵੱਖੋ ਵੱਖਰੇ ਕੋਰਸਾਂ ਬੀਏ ਬੀਐੱਸਸੀ ਬੀਕਾਮ ਬੀਐੱਡ ਆਦਿ ਦੇ ਸਿਲੇਬਸ ਵਿੱਚ ਪਿਛਲੇ ਕਈ ਸਾਲਾਂ ਤੋਂ ਪੜ੍ਹਾਇਆ ਜਾ ਰਿਹਾ ਹੈ ਜਿਸ ਕਾਰਨ ਵਿਦਿਆਰਥੀਆਂ ਵਿੱਚ ਇਸ ਨਾਟਕ ਨੂੰ ਵੇਖਣ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਪਹਿਲਾਂ ਵੀ ਇਸ ਨਾਟਕ ਦੇ ਦੋ ਸੌ ਤੋਂ ਵੱਧ ਸ਼ੋਅ ਹੋ ਚੁੱਕੇ ਹਨ ਪਰ ਪ੍ਰੋਫ਼ੈਸਰ ਇਮੈਨੂਅਲ ਸਿੰਘ ਨੇ ਕ੍ਰੀਏਟਿਵ ਡਾਇਰੈਕਸ਼ਨ ਨਾਲ ਇਸ ਨਾਟਕ ਨੂੰ ਬਿਲਕੁਲ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਵੱਖ ਵੱਖ ਕਾਲਜਾਂ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਸ਼ਹਿਰ ਦੀਆਂ ਮਹਾਨ ਹਸਤੀਆਂ ਅਤੇ ਕਲਾ ਪ੍ਰੇਮੀਆਂ ਨੇ ਨਾਟਕ ਦਾ ਆਨੰਦ ਮਾਣਿਆ।



# ਖ਼ਬਰਾਂ ਪੰਜਾਬ ਦੀਆਂ



## ਵਾਚ ਡਾਗ ਵੱਲੋਂ ਖੁਲਾਸਾ: ਸਭ ਤੋਂ ਵਧ ਗੁੰਮਰਾਹ ਕਰ ਰਹੇ ਹਨ ਸਿੱਖਿਆ ਨਾਲ ਜੁੜੇ ਇਸ਼ਤਿਹਾਰ

### * ਪਿਛਲੇ ਸਮੇਂ ਵਿੱਚ ਸ਼ਿਕਾਇਤਾਂ 25 ਫੀਸਦ ਵਧੀਆਂ

ਜਲੰਧਰ, 4 ਜੁਲਾਈ (ਪੋਸਟ ਬਿਊਰੋ)- ਇਸ਼ਤਿਹਾਰਾਂ ਦੀ ਨਿਗਰਾਨੀ ਕਰਨਦੀ ਸੰਸਥਾ ਵਾਚ ਡਾਗ ਨੇ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਇਸ਼ਤਿਹਾਰਾਂ ਬਾਰੇ ਅਪ੍ਰੈਲ 2021 ਤੋਂ ਮਾਰਚ 2022 ਦੇ ਸਮੇਂਭਾਵ ਇੱਕ ਸਾਲ ਦੀ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸਭ ਤੋਂ ਵੱਧ ਗੁਮਰਾਹ ਕਰਨ ਵਾਲੇ ਇਸ਼ਤਿਹਾਰ ਸਿੱਖਿਆ ਖੇਤਰ ਵਾਲੇ ਹਨ, ਜਿਹੜੇ ਮੁੱਖ ਰੂਪ ਤੋਂ ਐਡਟੈਕ ਨਾਲ ਸਬੰਧਤ ਸਨ ਅਤੇ ਚਰਚਾ ਵਿੱਚ ਵੀ ਹਨ।



ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਿਨ੍ਹਾਂ ਇਸ਼ਤਿਹਾਰਾਂ ਬਾਰੇ ਸ਼ਿਕਾਇਤ ਮਿਲੀ, ਉਨ੍ਹਾਂ ਵਿੱਚੋਂ ਸਭ ਤੋਂ ਵੱਧ 33 ਫ਼ੀਸਦੀ ਸਿੱਖਿਆ ਖੇਤਰ ਨਾਲ ਸਬੰਧਤ ਸਨ। 16 ਫ਼ੀਸਦੀ ਇਸ਼ਤਿਹਾਰਸਿਹਤ ਸੇਵਾ ਖੇਤਰ ਤੇ 11 ਫ਼ੀਸਦੀ ਨਿੱਜੀ ਦੇਖ ਰੇਖ ਨਾਲ ਸਬੰਧਤ ਸਨ। ਇਨ੍ਹਾਂ ਇਸ਼ਤਿਹਾਰਾਂ ਵਿੱਚ ਅੱਠ ਪ੍ਰਤੀਸ਼ਤ ਤਕ ਕ੍ਰਿਪਟੋ ਤੇ ਗੇਮਿੰਗ ਆਦਿ ਨਵੀਆਂ ਸ਼੍ਰੇਣੀਆਂ ਦੇ ਇਸ਼ਤਿਹਾਰਵੀ ਸਨ। ਪਬਲਿਕ ਰਿਲੇਸ਼ਨਜ਼ ਫਰਮ ਡੇਂਟਸੂ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 2023 ਤਕ ਡਿਜਿਟਲ ਮੀਡੀਆ ਦੇ ਬਾਜ਼ਾਰ ਦਾ ਅਧਾਰ ਕਾਫੀ ਵਧ ਜਾਵੇਗਾ ਅਤੇ ਇਸ ਦਾ ਕਾਰੋਬਾਰ 35,809 ਕਰੋੜ ਰੁਪਏ ਤਕ ਪਹੁੰਚਣ ਦੀ ਆਸ ਹੈ। ਅਸਲ ਵਿੱਚ ਕੋਵਿਡ ਕਾਲ ਵਿੱਚ ਲੋਕਾਂ ਦੀ ਇੰਟਰਨੈਟ ਉੱਤੇ ਨਿਰਭਰਤਾ ਚੋਖੀ ਵਧੀ ਹੈ, ਇਸ ਲਈਇਸ਼ਤਿਹਾਰਤੇਜ਼ੀ ਨਾਲ ਡਿਜੀਟਲ ਪਲੇਟਫਾਰਮ ਉੱਤੇ ਸ਼ਿਫਟ ਹੋ ਰਹੇ ਹਨ, ਜਿਸ ਨਾਲ ਧੋਖੇਬਾਜ਼ੀ ਪ੍ਰਚਾਰ ਸਮਗਰੀ ਵਾਲੇ ਇਸ਼ਤਿਹਾਰਾਂਦੀ ਗਿਣਤੀ ਵਧਦੀ ਜਾਂਦੀ ਹੈ। ਰਿਪੋਰਟ ਦੇ ਅਨੁਸਾਰ ਹਰ ਵਿਅਕਤੀ ਹਰ ਰੋਜ਼ ਛੇ ਤੋਂ ਦਸ ਹਜ਼ਾਰ ਇਸ਼ਤਿਹਾਰਾਂਦੇ ਸੰਪਰਕ ਵਿੱਚ ਆਉਂਦਾ ਹੈ। ਪ੍ਰਿੰਟ, ਡਿਜੀਟਲ, ਟੈਲੀਵਿਜ਼ਨ ਵਿੱਚ 5,532 ਨਵੇਂ ਇਸ਼ਤਿਹਾਰਦੇਖੇ ਗਏ, ਜੋ 2020-2021 ਦੇ ਮੁਕਾਬਲੇ 62 ਫੀਸਦ ਵੱਧ ਹਨ। ਇਸ਼ਤਿਹਾਰਾਂਬਾਰੇ ਸ਼ਿਕਾਇਤਾਂ 25 ਫ਼ੀਸਦੀ ਵਧੀਆਂ ਹਨ। ਸਿੱਖਿਆ ਖੇਤਰ ਦੇ ਇਸ਼ਤਿਹਾਰਾਂਵਿੱਚ ਨਿਯਮਾਂ ਦੇ ਉਲੰਘਣ ਦਾ ਵਾਧੇ ਨੂੰ ਦੇਖਦੇ ਹੋਏ ਏ ਐਸ ਸੀ ਆਈ ਐਡਟੇਕ ਕੰਪਨੀਆਂ ਦੇ ਸਾਰੇ ਇਸ਼ਤਿਹਾਰਾਂ ਉੱਤੇ ਅਲੱਗ ਅਧਿਅਨ ਦੀ ਯੋਜਨਾ ਬਣਾਈ ਹੈ।

## ਮੈਡੀਕਲ ਕਰਵਾਉਣ ਲਿਆਂਦਾ ਦੋਸ਼ੀ ਟਾਇਲੇਟ ਜਾਣ ਦੇ ਬਹਾਨੇ ਫਰਾਰ

ਜਲੰਧਰ, 4 ਜੁਲਾਈ (ਪੋਸਟ ਬਿਊਰੋ)- ਇੱਥੋਂ ਦੇ ਸਿਵਲ ਹਸਪਤਾਲ ਵਿੱਚ ਕੱਲ੍ਹ ਇੱਕ ਮੁਲਜ਼ਮ ਪੁਲਸ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ। ਉਸ ਨੂੰ ਗੁਰਾਇਆ ਥਾਣੇ ਦੀ ਪੁਲਸ ਨੇ ਇਲਾਜ ਲਈ ਜਲੰਧਰ ਦੇ ਸਿਵਲ ਹਸਪਤਾਲ ਲਿਆਂਦਾ ਸੀ। ਜਦੋਂ ਉਸ ਨੇ ਟਾਇਲੇਟ ਜਾਣ ਦਾ ਬਹਾਨਾ ਬਣਾਇਆ ਤਾਂ ਪੁਲਸ ਟੀਮ ਨੇ ਉਸ ਦੀ ਹੱਥਕੜੀ ਖੋਲ੍ਹ ਦਿੱਤੀ। ਦੋਸ਼ੀ ਓਥੋਂ ਹੀ ਕਿਸੇ ਤਰ੍ਹਾਂ ਫਰਾਰ ਹੋ ਗਿਆ। ਉਸ ਦੇ ਫਰਾਰ ਹੋਣ ਨਾਲ ਪੁਲਸ ਨੂੰ ਹੱਥਾਂ ਪੈਰਾਂ ਦੀ ਪੈ ਗਈ।



ਥਾਣਾ ਗੁਰਾਇਆ ਤੋਂ ਏ ਐਸ ਆਈ ਹਰਭਜਨ ਸਿੰਘ ਨੇ ਦੱਸਿਆ ਕਿ ਚੋਰੀ ਦੇ ਕੇਸ ਵਿੱਚ ਦੋਸ਼ੀ ਨਵਨੀਤ ਸਿੰਘ ਨੀਟਾ ਪਿੰਡ ਰੰਧਾਵਾ (ਗੁਰਾਇਆ) ਨੂੰ ਮੈਡੀਕਲ ਲਈ ਸਿਵਲ ਹਸਪਤਾਲ ਲਿਆਂਦਾ ਸੀ। ਚੋਰੀ ਦੇ ਕੇਸ ਵਿੱਚ ਉਹ ਪਹਿਲਾਂ ਤੋਂ ਭਗੌੜਾ ਚੱਲਿਆ ਆ ਰਿਹਾ ਸੀ ਤੇ ਕਾਫੀ ਸਮੇਂ ਤੋਂ ਫਰਾਰ ਚੱਲਦਾ ਸੀ। ਉਸ ਨੇ ਪਿੱਛੇ ਜਿਹੇ ਅਦਾਲਤ ਵਿੱਚ ਆਤਮ ਸਮਰਪਣ ਕੀਤਾ ਸੀ। ਅਦਾਲਤ ਦੇ ਹੁਕਮਾਂ ਉੱਤੇ ਨੀਟੇ ਨੂੰ ਪੁਲਸ ਹਿਰਾਸਤ ਵਿੱਚ ਲੈਣ ਪਿੱਛੋਂ ਮੈਡੀਕਲ ਲਈ ਸਿਵਲ ਹਸਪਤਾਲ ਲਿਆਂਦਾ ਸੀ। ਉਥੋਂ ਉਹ ਟਾਇਲੇਟ ਜਾਣ ਦੇ ਬਹਾਨੇ ਫਰਾਰ ਹੋ ਗਿਆ। ਦੋਵਾਂ ਪੁਲਸ ਮੁਲਾਜ਼ਮਾਂ ਨੇ ਨੀਟੇ ਦੇ ਫਰਾਰ ਹੋਣ ਦੀ ਸੂਚਨਾ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਦਿੱਤੀ ਹੈ।

## ਕਿਰਲੀ ਵਾਲੀ ਚਾਹ ਪੀਣ ਕਾਰਨ ਦੋ ਬੱਚਿਆਂ ਦੀ ਮੌਤ

ਸੁਲਤਾਨਪੁਰ ਲੋਧੀ, 4 ਜੁਲਾਈ (ਪੋਸਟ ਬਿਊਰੋ)- ਏਥੋਂ ਨੇੜਲੇ ਮੰਡ ਖੇਤਰ ਦੇ ਪਿੰਡ ਤਕੀਆ ਵਿਖੇ ਇੱਕੋ ਪਰਵਾਰ ਦੇ ਪੰਜ ਜੀਅ ਕਿਰਲੀ ਵਾਲੀ ਜ਼ਹਿਰੀਲੀ ਚਾਹ ਪੀ ਕੇ ਗੰਭੀਰ ਬੀਮਾਰ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਜ਼ੀਰਾ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਗਿਆ। ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਮੋਗੇਭੇਜ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਲਾਜ ਦੌਰਾਨ ਦੋ ਛੋਟੇ ਬੱਚਿਆਂ ਦੀ ਮੌਤ ਹੋ ਗਈ ਹੈ।ਮ੍ਰਿਤਕ ਬੱਚਿਆਂ ਦੀ ਪਛਾਣ ਸ਼ਿਵਰਾਜ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਪਿੰਡ ਤਕੀਆ (6) ਅਤੇ ਦਮਨਪ੍ਰੀਤ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ।



ਦੱਸਿਆ ਗਿਆ ਹੈ ਕਿ ਬੀਤੇ ਦਿਨੀਂ ਪਰਵਾਰ ਦੇ ਪੰਜ ਮੈਂਬਰਾਂ ਨੇ ਘਰੇ ਬਣਾਈ ਗਈ ਚਾਹ ਪੀਤੀ ਤਾਂ ਇਸ ਪਿੱਛੋਂ ਉਨ੍ਹਾਂ ਦੀ ਸਿਹਤ ਵਿਗੜ ਗਈ। ਇੰਜ ਲੱਗਦਾ ਹੈ ਕਿ ਚਾਹ ਵਿੱਚ ਕੋਈ ਕਿਰਲੀ ਡਿੱਗ ਗਈ ਸੀ, ਕੁਝ ਸਮੇਂ ਵਿੱਚ ਸਾਰਾ ਪਰਵਾਰ ਬੀਮਾਰ ਹੋ ਗਿਆ। ਇਨ੍ਹਾਂ ਵਿੱਚੋਂ ਪਰਵਾਰ ਦੇ ਦੋ ਬੱਚਿਆਂ ਸ਼ਿਵਰਾਜ ਅਤੇ ਦਮਨਪ੍ਰੀਤ ਕੌਰ ਦੀ ਮੌਤ ਹੋ ਚੁੱਕੀ ਹੈ ਤੇ ਪਰਵਾਰ ਦੇ ਤਿੰਨ ਮੈਂਬਰ ਪਿਤਾ ਗੁਰਪ੍ਰੀਤ ਸਿੰਘ, ਮਾਤਾ ਬਲਜੀਤ ਕੌਰ ਤੇ ਛੋਟੀ ਕੁੜੀ ਨਵਰੀਤ ਕੌਰ ਜ਼ੇਰੇ ਇਲਾਜ ਹਨ। ਪੁਲਸ ਨੇਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਕਾਰੋਬਾਰੀ ਦਾ ਵਿਆਹ ਦਾ ਸੁਫਨਾ ਟੁੱਟਾ, ਲੱਖਾਂ ਦਾ ਚੂਨਾ ਲਾ ਕੇ ਲਾੜੀ ਫ਼ਰਾਰ

ਲੁਧਿਆਣਾ, 4 ਜੁਲਾਈ (ਪੋਸਟ ਬਿਊਰੋ)- ਹਰ ਨੌਜਵਾਨ ਦੇ ਮਨ ਵਿੱਚ ਖ਼ੂਬਸੂਰਤ ਮੁਟਿਆਰ ਨਾਲ ਵਿਆਹ ਕਰਾਉਣ ਦੀ ਖਾਹਸ਼ ਹੁੰਦੀ ਹੈ, ਪਰ ਜੇ ਵਿਆਹ ਕਿਸੇ ਐਨ ਆਰ ਆਈ ਲੜਕੀ ਨਾਲ ਹੋਣਾ ਤੈਅ ਹੋਵੇ ਤਾਂ ਚਾਅ ਵਧ ਜਾਂਦਾ ਹੈ। ਲੁਧਿਆਣੇ ਦਾ ਇੱਕ ਹੌਜ਼ਰੀ ਕਾਰੋਬਾਰੀ ਆਸਟ੍ਰੇਲੀਆ ਵਿੱਚ ਰਹਿਣ ਵਾਲੀ ਲੜਕੀ ਨਾਲ ਵਿਆਹ ਕਰਵਾ ਕੇ ਵਿਦੇਸ਼ ਜਾਣ ਦੇ ਸੁਫਨੇ ਲੈ ਰਿਹਾ ਸੀ, ਪਰ ਉਸ ਦੇ ਸੁਫਨੇ ਉਸ ਵੇਲੇ ਟੁੱਟ ਗਏ ਜਦੋਂ ਮੁਟਿਆਰ ਨੇ ਆਪਣੇ ਕੁਝ ਫਰਜ਼ੀ ਰਿਸ਼ਤੇਦਾਰਾਂ ਨਾਲ ਮਿਲ ਕੇ ਉਸ ਨੂੰ ਲੱਖਾਂ ਰੁਪਏ ਦਾ ਚੂਨਾ ਲਾਇਆ ਅਤੇ ਫਰਾਰ ਹੋ ਗਈ।



ਇਸ ਬਾਰੇ ਥਾਣਾ ਦਰੇਸੀ ਦੀ ਪੁਲਸ ਨੇ ਗੁਰਾਇਆ ਦੇ ਰੁੜਕਾ ਰੋਡ ਦੀ ਵਾਸੀ ਨਿਧੀ, ਜਲੰਧਰ ਦੇ ਪਿੰਡ ਬੋਪਾਰਾਏ ਦੇ ਪਰਮਜੀਤ ਸਿੰਘ ਅਤੇ ਗੁਰਾਇਆ ਦੇ ਪੱਕਾ ਦਰਵਾਜ਼ਾ ਪਿੰਡ ਪੱਤੀ ਦੇ ਸਤਵਿੰਦਰ ਸਿੰਘ ਦੇ ਖ਼ਿਲਾਫ਼ ਧੋਖਾਧੜੀ ਤੇ ਹੋਰ ਧਾਰਾਵਾਂ ਕੇਸ ਦਰਜ ਕਰ ਕੇ ਕੇਸ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਲੁਧਿਆਣੇ ਦੇ ਕਾਰਾਬਾਰਾ ਰੋਡ, ਨਾਨਕ ਨਗਰ ਗਲੀ ਨੰਬਰ ਤਿੰਨ ਦੇ ਵਾਸੀ ਹੌਜ਼ਰੀ ਕਾਰੋਬਾਰੀ ਵਿੱਕੀ ਨੇ ਦੱਸਿਆ ਕਿ ਵਿਚੋਲੇ ਰਾਹੀਂ 27 ਫਰਵਰੀ ਨੂੰ ਉਸਦਾ ਰਿਸ਼ਤਾ ਨਿਧੀ ਨਾਲ ਹੋਇਆ ਸੀ। ਵਿਚੋਲਾ ਪਰਮਜੀਤ ਸਿੰਘ ਖੁਦ ਨੂੰ ਨਿਧੀ ਦਾ ਮਾਮਾ ਤੇ ਸਤਵਿੰਦਰ ਆਪਣੇ ਆਪ ਨੂੰ ਭਰਾ ਦੱਸਦਾ ਸੀ। ਰੋਕੇ ਦੇ ਦੌਰਾਨ ਨਿਧੀ ਨੇ ਆਖਿਆ ਕਿ ਉਹ ਆਸਟ੍ਰੇਲੀਆ ਦੀ ਪੱਕੀ ਵਸਨੀਕ ਹੈ ਅਤੇ ਵਿਆਹ ਪਿੱਛੋਂ ਵਿੱਕੀ ਨੂੰ ਆਪਣੇ ਨਾਲ ਆਸਟ੍ਰੇਲੀਆ ਲੈ ਜਾਵੇਗੀ। ਉਸ ਨੇ ਇਹ ਵੀ ਆਖਿਆ ਕਿ ਵਿੱਕੀ ਦੇ ਨਾਲ ਉਹ ਪੂਰੇ ਪਰਵਾਰ ਨੂੰ ਵੀ ਆਸਟ੍ਰੇਲੀਆ ਲਿਜਾਣ ਦੀ ਕੋਸ਼ਿਸ਼ ਕਰੇਗੀ। ਆਸਟ੍ਰੇਲੀਆ ਦੇ ਦਸਤਾਵੇਜ਼ ਤਿਆਰ ਕਰਾਉਣ ਦੇ ਨਾਮ ਉੱਤੇ ਨਿਧੀ ਨੇ ਵਿੱਕੀ ਕੋਲੋਂ ਪੰਜ ਲੱਖ 70 ਹਜ਼ਾਰ ਰੁਪਏ ਵੀ ਲੈ ਲਏ। ਵਿੱਕੀ ਨੇ ਇਹ ਰਕਮ ਸਤਵਿੰਦਰ ਸਿੰਘ ਦੇ ਖਾਤੇ ਵਿੱਚ ਪਾਈ। ਕੁਝ ਦਿਨਾਂ ਬਾਅਦ ਵਿੱਕੀ ਅਤੇ ਉਸ ਦੇ ਪਰਵਾਰ ਨੂੰ ਪਤਾ ਲੱਗਾ ਕਿ ਨਿਧੀ ਅਤੇ ਉਸ ਦੇ ਸਾਥੀ ਉਨ੍ਹਾਂ ਦੀ ਰਕਮ ਲੈ ਕੇ ਫਰਾਰ ਹੋ ਗਏ ਹਨ। ਪੈਸੇ ਲੈਣ ਪਿੱਛੋਂ ਉਨ੍ਹਾਂ ਨੇ ਵਿੱਕੀ ਨਾਲ ਸੰਪਰਕ ਬੰਦ ਕਰ ਦਿੱਤਾ। 8 ਮਾਰਚ ਨੂੰ ਇਸ ਬਾਰੇ ਵਿੱਕੀ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ। ਚਾਰ ਮਹੀਨਿਆਂ ਤਕ ਚੱਲੀ ਜਾਂਚਤੋਂ ਬਾਅਦ ਥਾਣਾ ਦਰੇਸੀ ਦੀ ਪੁਲਸ ਨੇ ਇਸ ਕੇਸਦੇ ਦੋਸ਼ੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਸ ਦਾ ਕਹਿਣਾ ਹੈ ਕਿ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਪੀ ਏ ਦੀ ਸੜਕ ਹਾਦਸੇ ਵਿੱਚ ਮੌਤ


ਫਾਜ਼ਿਲਕਾ, 4 ਜੁਲਾਈ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਪੀ ਏ ਦੀ ਕੱਲ੍ਹ ਰਾਤ ਅਬੋਹਰ-ਫਾਜ਼ਿਲਕਾ ਰੋਡ ਉੱਤੇ ਪਿੰਡ ਘੱਲੂ ਨੇੜੇ ਸੜਕ ਹਾਦਸੇ ਵਿੱਚ ਮੌਤ ਹੋ ਗਈ। ਉਸ ਦੀ ਪਛਾਣ ਭੁਪਿੰਦਰ ਸਿੰਘ ਬਰਾੜ ਵਜੋਂ ਹੋਈ ਹੈ। ਪਤਾ ਲੱਗਾ ਹੈ ਕਿ ਉਸ ਦੀ ਕਾਰ ਨੇ ਟਰੈਕਟਰ-ਰੇਹੜੇ ਨੂੰ ਪਿੱਛੋਂ ਟੱਕਰ ਮਾਰੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਰਾਹਗੀਰਾਂ ਨੇ ਭੁਪਿੰਦਰ ਸਿੰਘ ਨੂੰ ਸਿਵਲ ਹਸਪਤਾਲ ਫਾਜ਼ਿਲਕਾ ਪੁਚਾਇਆ ਸੀ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।



ਥਾਣਾ ਖੂਈਖੇੜਾ ਦੇ ਐਸ ਐਚ ਓ ਸਚਿਨ ਕੁਮਾਰ ਨੇ ਦੱਸਿਆ ਕਿ ਦੇਰ ਰਾਤ ਕਾਰ ਚਾਲਕ ਫਾਜ਼ਿਲਕਾ ਵੱਲੋਂ ਆ ਰਿਹਾ ਸੀ, ਜਿਸ ਨੇ ਟਰੈਕਟਰ ਪਿੱਛੇ ਲੱਗੇ ਲੱਕੜ ਵਾਲੇ ਰੇਹੜੇ ਨੂੰ ਟੱਕਰ ਮਾਰ ਦਿੱਤੀ। ਲੋਕਾਂ ਨੇ ਦੱਸਿਆ ਕਿ ਹਾਦਸੇ ਨਾਲ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਉਨ੍ਹਾਂ ਚਾਲਕ ਨੂੰ ਕਾਰ ਤੋਂ ਬਾਹਰ ਕੱਢ ਕੇ ਸਿਵਲ ਹਸਪਤਾਲ ਪਹੁੰਚਾਇਆ। ਕਾਰ ਚਾਲਕ ਭੁਪਿੰਦਰ ਸਿੰਘ ਬਰਾੜ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਨਿੱਜੀ ਸਕੱਤਰ ਸੀ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਗੁਰਸਿੱਖ ਨੌਜਵਾਨ ਦੇ ਕੇਸ ਕੱਟਣ ਦਾ ਮੱਦਾ ਅਦਾਲਤ ਪੁੱਜ ਸਕਦੈ

ਅੰਮ੍ਰਿਤਸਰ, 4 ਜੁਲਾਈ (ਪੋਸਟ ਬਿਊਰੋ)- ਬਠਿੰਡੇ ਦੀ ਜੇਲ੍ਹ ਵਿੱਚ ਇੱਕ ਗੁਰਸਿੱਖ ਨੌਜਵਾਨ ਦੇ ਕੇਸ ਕੱਟਣ ਦਾ ਮਾਮਲਾ ਅਦਾਲਤ ਵਿੱਚ ਪੁੱਜਣ ਦੀ ਸੰਭਾਵਨਾ ਹੈ। ਇਸ ਦੇ ਕਸੂਰਵਾਰਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਜਾਵੇਗੀ। ਸਿੱਖ ਜਥੇਬੰਦੀ ਸਿੱਖ ਯੂਥ ਪਾਵਰ ਆਫ ਪੰਜਾਬ ਦੇ ਆਗੂ ਪਰਮਜੀਤ ਸਿੰਘ ਅਕਾਲੀ ਨੇ ਦੱਸਿਆ ਕਿ ਜਥੇਬੰਦੀ ਇਸ ਨੂੰ ਪੀੜਤ ਸਿੱਖ ਨੌਜਵਾਨ ਦੇ ਮਾਪਿਆਂ ਦੀ ਮਦਦ ਨਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲਿਜਾਣ ਦੀ ਤਿਆਰੀ ਕਰ ਰਹੀ ਹੈ। ਇਸ ਸਬੰਧ ਵਿੱਚ ਲੋੜੀਂਦੇ ਕਾਨੂੰਨੀ ਦਸਤਾਵੇਜ਼ ਕਾਨੂੰਨੀ ਮਾਹਰਾਂ ਦੀ ਮਦਦ ਨਾਲ ਤਿਆਰ ਕੀਤੇ ਜਾ ਰਹੇ ਹਨ। ਇੱਕ ਜਾਂ ਦੋ ਦਿਨਾਂ ਵਿੱਚ ਮਾਮਲੇ ਵਿੱਚ ਇਨਸਾਫ ਪ੍ਰਾਪਤ ਕਰਨ ਲਈ ਹਾਈ ਕੋਰਟ ਵਿੱਚ ਕੇਸ ਕੀਤਾ ਜਾਵੇਗਾ।



ਵਰਨਣ ਯੋਗ ਹੈ ਕਿ ਪਰਸੋਂ ਬਠਿੰਡਾ ਜੇਲ੍ਹ ਵਿੱਚ ਬੰਦ ਗੁਰਸਿੱਖ ਨੌਜਵਾਨ ਰਾਜਵੀਰ ਸਿੰਘ ਦੇ ਕੇਸ ਕਤਲ ਕਰਨ ਦਾ ਕੇਸ ਜਨਤਕ ਹੋਇਆ ਸੀ। ਸੋਸ਼ਲ ਮੀਡੀਆ ਉੱਤੇਵੀ ਇਸ ਬਾਰੇ ਖਬਰਾਂ ਵਾਇਰਲ ਹੋਈਆਂ ਸਨ। ਦੋਸ਼ ਲਾਇਆ ਜਾ ਰਿਹਾ ਹੈ ਕਿ ਇਸ ਨੌਜਵਾਨ ਦੇ ਕੇਸ ਜੇਲ੍ਹ ਮੁਲਾਜ਼ਮਾਂ ਨੇ ਕੱਟੇ ਸਨ। ਇਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਨੋਟਿਸ ਲਿਆ ਅਤੇ ਇਸ ਦੀ ਜਾਂਚ ਆਪਣੇ ਪੱਧਰ ਤੇ ਕਰਵਾਉਣ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਜਾਂਚ ਧਰਮ ਪ੍ਰਚਾਰ ਕਮੇਟੀ ਨੂੰ ਕਰਵਾਉਣ ਵਾਸਤੇ ਆਖਿਆ ਹੈ। ਉਨ੍ਹਾਂ ਸਰਕਾਰ ਤੋਂ ਵੀ ਘਟਨਾ ਦੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## 29 ਜਣੇ ਇੱਕੋ ਵਾਰ ਟੀਚਰ ਬਣਨ ਨਾਲ ਡੰਗਰਖੇੜਾ ਪਿੰਡ ਅਧਿਆਪਕ ਖੇੜਾ ਬਣ ਗਿਆ

ਚੰਡੀਗੜ੍ਹ, 4 ਜੁਲਾਈ (ਪੋਸਟ ਬਿਊਰੋ)- ਅਬੋਹਰ-ਫਾਜ਼ਿਲਕਾ ਹਾਈਵੇ ਉੱਤੇ ਪੈਣ ਵਾਲਾ ਪਿੰਡ ਡੰਗਰਖੇੜਾ ਭਵਿੱਖ ਵਿੱਚ ਅਧਿਆਪਕਖੇੜਾ ਕਿਹਾ ਜਾ ਸਕਦਾ ਹੈ। ਇਹ ਮਾਣ ਕੋਈ ਛੋਟਾ ਨਹੀਂ ਕਿ ਜੋ 6635 ਈ ਟੀ ਟੀ ਅਧਿਆਪਕ ਭਰਤੀ ਹੋਏ ਹਨ, ਉਨ੍ਹਾਂ ਵਿੱਚ ਡੰਗਰਖੇੜਾ ਦੇ 29 ਟੀਚਰ ਨਿਯੁਕਤ ਹੋਏ ਹਨ। ਨਵੇਂ ਪੁਰਾਣੇ ਕਰੀਬ 150 ਅਧਿਆਪਕ ਇਸੇ ਪਿੰਡ ਦੇ ਹਨ। ਇਸ ਪਿੰਡ ਦੇ ਔਸਤਨ ਹਰ ਅੱਠਵੇਂ ਘਰ ਵਿੱਚ ਅਧਿਆਪਕ ਹੈ। ਵਰਨਣ ਯੋਗ ਹੈ ਕਿ ਪੰਜਾਬ ਦਾ ਕੋਈ ਜ਼ਿਲ੍ਹਾ ਨਹੀਂ, ਜਿੱਥੇ ਡੰਗਰਖੇੜਾ ਦਾ ਅਧਿਆਪਕ ਨਾ ਹੋਵੇ। ਨਾ ਇਹ 'ਦਿੱਲੀ ਮਾਡਲ' ਅਤੇ ਨਾ 'ਪੰਜਾਬ ਮਾਡਲ' ਦਾ ਪ੍ਰਤਾਪ ਹੈ, ਇਹ ਇਨ੍ਹਾਂ ਦੇ ਡੰਗਰਖੇੜਾ ਮਾਡਲ ਦਾ ਹੀ ਕ੍ਰਿਸ਼ਮਾ ਹੈ। ਇਸ ਪਿੰਡ ਦੀ ਆਬਾਦੀ ਕਰੀਬ 10 ਹਜ਼ਾਰ ਹੈ ਅਤੇ ਰਿਹਾਇਸ਼ੀ ਘਰ ਕਰੀਬ 1200 ਹਨ। ਬਜ਼ੁਰਗ ਦੱਸਦੇ ਹਨ ਕਿ ਪਿੰਡ ਵਿਚਇੱਕ ਵੱਡਾ ਛੱਪੜ ਸੀ, ਬਾਹਰੋਂ ਲੋਕ ਡੰਗਰਾਂ ਨੂੰ ਪਾਣੀ ਪਿਲਾਉਣ ਇੱਥੇ ਆਉਂਦੇ ਸਨ। ਇਸ ਲਈਪਿੰਡ ਦਾ ਨਾਂਅ ਡੰਗਰਖੇੜਾ ਪੈ ਗਿਆ।ਦੱਸਦੇ ਇਹ ਵੀ ਹਨ ਕਿ ਪਹਿਲੋਂ ਇਸ ਪਿੰਡ ਦਾ ਨਾਂਅ ਬਹਾਦਰ ਖੇੜਾ ਵੀ ਹੁੰਦਾ ਸੀ। ਅੱਜ ਇਸ ਪਿੰਡ ਵਿੱਚ ਇੱਕ ਕੋਆਪਰੇਟਿਵ ਸਿਖਲਾਈ ਕੇਂਦਰ ਹੈ ਜਿੱਥੇ ਨਵੇਂ ਨੌਜਵਾਨਾਂ ਨੂੰ ਬਿਨਾਂ ਕਿਸੇ ਵੀ ਮੁਨਾਫੇ ਤੋਂਈ ਟੀ ਟੀ ਦੀ ਸਿਖਲਾਈ ਦਿੱਤੀ ਜਾਂਦੀ ਹੈ। ਪਿੰਡ ਦੀ ਸਾਖਰਤਾ ਦਰ 71.64 ਫੀਸਦੀ ਹੈ, ਜਿਸ ਵਿੱਚੋਂ ਮਹਿਲਾ ਸਾਖਰਤਾ ਦਰ 59.37 ਫੀਸਦੀ ਹੈ। ਕੱਲ੍ਹ ਈ ਟੀ ਟੀ ਭਰਤੀ ਹੋਏ 29 ਟੀਚਰਾਂ ਵਿੱਚੋਂ 16 ਲੜਕੀਆਂ ਹਨ। ਪਿੰਡ ਦਾ ਰੋਲ ਮਾਡਲ ਬਣੇ ਸਨ ਮਾਸਟਰ ਰਣਜੀਤ ਰਾਮ, ਮਾਸਟਰ ਨਾਰੰਗ ਲਾਲ ਅਤੇ ਮਾਸਟਰ ਦੀਵਾਨ ਚੰਦ, ਜਿਨ੍ਹਾਂ ਨੇ ਵਿਦਿਆ ਦਾ ਬੂਟਾ ਲਾਇਆ ਸੀ ਅਤੇ ਇਹ ਤਿੱਕੜੀ ਅੱਜ ਦੁਨੀਆ ਵਿੱਚ ਨਹੀਂ ਰਹੀ, ਪਰ ਉਨ੍ਹਾਂ ਵੱਲੋਂ ਲਾਇਆ ਬੂਟਾ ਅੱਜ ਵੱਡਾ ਦਰੱਖਤ ਬਣ ਗਿਆ ਹੈ।



ਪਿੰਡ ਡੰਗਰਖੇੜਾ ਦੇ ਭਾਲਾ ਰਾਮ (ਬੀ ਪੀ ਈ ਓ) ਦੱਸਦੇ ਹਨ ਕਿ ਨਵੇਂ ਪੁਰਾਣੇ ਪਾ ਕੇ ਟੀਚਰਾਂ ਦੀ ਗਿਣਤੀ ਕੋਈ 150 ਦੇ ਕਰੀਬ ਹੈ। ਉਨ੍ਹਾਂ ਦੱਸਿਆ ਕਿ ਸਰਹੱਦੀ ਖਿੱਤਾ ਹੋਣ ਕਰ ਕੇ ਸਨਅਤਾਂ ਦੀ ਕਮੀ ਹੈ, ਲੋਕਾਂ ਕੋਲ ਬਹੁਤੀ ਜ਼ਮੀਨ ਵੀ ਨਹੀਂ, ਜਿਸ ਕਰ ਕੇ ਨੌਜਵਾਨ ਪੀੜ੍ਹੀ ਸਰਕਾਰੀ ਅਧਿਆਪਕ ਬਣਨ ਨੂੰ ਆਪਣਾ ਟੀਚਾ ਮੰਨਦੀ ਹੈ। ਉਹ ਦੱਸਦੇ ਹਨ ਕਿ ਕਰੀਬ 300 ਨੌਜਵਾਨਾਂ ਨੇ ਈ ਟੀ ਟੀ ਕੀਤੀ ਹੋਈ ਹੈ ਜਿਨ੍ਹਾਂ ਨੂੰ ਹਾਲੇ ਨੌਕਰੀ ਦੀ ਝਾਕ ਹੈ।ਨਵੇਂ ਟੀਚਰ ਭਰਤੀ ਹੋਏ ਨੌਜਵਾਨ ਆਖਦੇ ਹਨ ਕਿ ਮਾਸਟਰ ਕੁਲਜੀਤ ਸਿੰਘ ਹਰ ਕਿਸੇ ਨੂੰ ਗਾਈਡ ਕਰਦੇ ਅਤੇ ਹਰ ਇੱਕ ਦੀ ਮਦਦ ਕਰਦੇ ਹਨ, ਜਿਨ੍ਹਾਂ ਸਦਕਾ ਪਿੰਡ ਦੇ ਸ਼ਗਿਰਦਅੱਜ ਗੁਰੂ ਬਣ ਰਹੇ ਹਨ। ਮਾਸਟਰ ਕੁਲਜੀਤ ਸਿੰਘ ਦੀ ਬੇਟੀ ਨੂੰ ਵੀ ਅੱਜ ਨਿਯੁਕਤੀ ਪੱਤਰ ਮਿਲਿਆ ਹੈ। ਮਰਹੂਮ ਮਾਸਟਰ ਦੀਵਾਨ ਚੰਦ ਦਾ ਬੇਟਾ ਤੇ ਨੂੰਹ ਵੀ ਅਧਿਆਪਕ ਹਨ। ਕਈ ਘਰਾਂ ਵਿੱਚ ਦੋ-ਦੋ ਜਾਂ ਤਿੰਨ-ਤਿੰਨ ਅਧਿਆਪਕ ਹਨ। ਪਿੰਡ ਦੇ ਲੋਕ ਦੱਸਦੇ ਹਨ ਕਿ ਨਵੀਂ ਪੀੜ੍ਹੀ ਨੂੰ ਗੁੜ੍ਹਤੀ ਹੀ ਅਧਿਆਪਨ ਦੀ ਮਿਲਦੀ ਹੈ। ਜਦੋਂ 2016 ਵਿੱਚ ਈ ਟੀ ਟੀ ਭਰਤੀ ਹੋਈ ਤਾਂ ਇਸ ਪਿੰਡ ਦੇ 16 ਅਧਿਆਪਕ ਬਣੇ ਸਨ। ਕੋਈ ਐਸੀ ਸੂਚੀ ਨਹੀਂ ਹੁੰਦੀ ਜਿਸ ਵਿੱਚ ਇਸ ਪਿੰਡ ਦਾ ਨਾਂਅ ਨਾ ਬੋਲਦਾ ਹੋਵੇ। ਟੀਚਰ ਦੱਸਦੇ ਹਨ ਕਿ ਜਿੰਨੇ ਵੀ ਮੁੰਡੇ-ਕੁੜੀਆਂ ਅਧਿਆਪਕ ਬਣੇ ਹਨ, ਉਹ ਕਰੀਬ ਸਾਰੇ ਸਰਕਾਰੀ ਸਕੂਲ ਦੇ ਪੜ੍ਹੇ ਹਨ। ਪਿੰਡ ਡੰਗਰਖੇੜਾ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ। ਪਿੰਡ ਵਾਲੇ ਆਖਦੇ ਹਨ ਕਿ ਕਈ ਪ੍ਰਾਈਵੇਟ ਸਕੂਲ ਸਮੇਂ-ਸਮੇਂ ਉੱਤੇ ਪਿੰਡ ਵਿੱਚ ਖੁੱਲ੍ਹੇ, ਪਰ ਕੋਈ ਕਾਮਯਾਬ ਨਹੀਂ ਹੋਇਆ। ਕਾਮਯਾਬੀ ਸਿਰਫ ਸਰਕਾਰੀ ਸਕੂਲ ਨੂੰ ਮਿਲੀ ਜਾਂ ਇਸ ਸਕੂਲਤੋਂ ਪੜ੍ਹ ਕੇ ਗਏ ਵਿਦਿਆਰਥੀਆਂ ਨੂੰ।

## ਕੂੜੇ ਦੇ ਡੰਪਾਂ ਉੱਤੇ ਰੋਜ਼ਾਨਾ 500 ਟਨ ਪਲਾਸਟਿਕ ਸੁੱਟਿਆ ਜਾ ਰਿਹੈ

ਜਲੰਧਰ, 4 ਜੁਲਾਈ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ ਦੇਸ਼ ਭਰ ਵਿੱਚ ਸਿੰਗਲ ਯੂਜ਼ (ਇੱਕੋ ਵਾਰ ਵਰਤੇ ਜਾਣ ਵਾਲੇ) ਪਲਾਸਟਿਕ ਉੱਤੇ ਪਾਬੰਦੀ ਲਾਉਣ ਪਿੱਛੋਂ ਵੀ ਜਿੱਥੇ ਅਜੇ ਤਕ ਇਸ ਰਾਜ ਵਿੱਚ ਸਿੰਗਲ ਯੂਜ਼ ਪਲਾਸਟਿਕ ਉੱਤੇ ਰੋਕ ਅਮਲ ਵਿੱਚ ਇਸ ਕਰਕੇ ਨਹੀਂ ਲਿਆਂਦੀ ਗਈ ਕਿ ਰਾਜ ਵਿੱਚ ਪਹਿਲਾਂ ਹੀ ਜਨਵਰੀ 2016 ਦੇ ਉਨ੍ਹਾਂ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਾਉਣ ਦੀ ਮੁਹਿੰਮ ਚੱਲ ਰਹੀ ਹੈ, ਜਿਨ੍ਹਾਂ ਹੇਠ ਪਲਾਸਟਿਕ ਦੇ ਲਿਫ਼ਾਫ਼ੇ ਬਣਾਉਣ ਤੇ ਵੇਚਣ ਉੱਤੇ ਪਾਬੰਦੀ ਲਾਈ ਗਈ ਸੀ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਹਿਦਾਇਤ ਤੋਂ ਬਾਅਦ ਰਾਜ ਵਿੱਚ 400 ਤੋਂ ਵੱਧ ਪਲਾਸਟਿਕ ਦੇ ਲਿਫ਼ਾਫ਼ੇ ਬਣਾਉਣ ਦੀਆਂ ਫ਼ੈਕਟਰੀਆਂ ਨੂੰ ਬੰਦ ਕਰਨ ਦੇ ਆਦੇਸ਼ ਜਾਰੀ ਹੋਏ ਸਨ ਤਾਂ ਲਿਫ਼ਾਫ਼ੇ ਬਣਾਉਣ ਵਾਲੇ ਸਨਅਤਕਾਰਾਂ ਮੁਤਾਬਕ ਇਸ ਵੇਲੇ ਬੋਰਡ ਦੀਆਂ ਹਿਦਾਇਤਾਂ ਪਿੱਛੋਂ ਰਾਜ ਵਿੱਚ 80 ਫ਼ੀਸਦੀ ਤੋਂ ਵੱਧ ਫ਼ੈਕਟਰੀਆਂ ਨੂੰ ਤਾਲਾ ਲੱਗ ਗਿਆ ਹੈ। ਪੰਜਾਬ ਵਿੱਚ ਰੋਜ਼ ਹਜ਼ਾਰਾਂ ਟਨ ਕੂੜਾ ਹੁੰਦਾ ਹੈ ਤਾਂ ਇਸ ਵਿੱਚ ਸਭ ਤੋਂ ਖ਼ਤਰਨਾਕ ਕੂੜਾ ਤਾਂ ਪਲਾਸਟਿਕ ਦਾ ਹੈ ਜਿਹੜਾ ਕਰੀਬ 500 ਟਨ ਤੋਂ ਜ਼ਿਆਦਾ ਦੱਸਿਆ ਜਾਂਦਾ ਹੈ।



ਹਾਲੇ ਤੱਕ ਕਈ ਪਰਤਾਂ ਵਾਲੇ ਪਲਾਸਟਿਕ ਉੱਤੇ ਕੋਈ ਪਾਬੰਦੀ ਨਹੀਂ ਲੱਗੀ, ਜਿਹੜਾ ਸਿੰਗਲ ਯੂਜ਼ ਪਲਾਸਟਿਕ ਵਿੱਚ ਵੀ ਆਉਂਦਾ ਹੈ। ਇਨ੍ਹਾਂ ਵਿੱਚ ਗੁਟਕਿਆਂ ਦੀ ਪੈਕਿੰਗ, ਸ਼ੈਂਪੂ ਦੇ ਪਾਊਚ, ਚਿਪਸ ਦੇ ਖ਼ਾਲੀ ਪੈਕਟ, ਥਰਮੋਕੋਲ ਦੀਆਂ ਕੱਪ ਪਲੇਟਾਂ ਅਤੇ ਹੋਰ ਪਲਾਸਟਿਕ ਦਾ ਸਾਮਾਨ ਸ਼ਾਮਲ ਹੈ। ਇਹ ਪਲਾਸਟਿਕ ਸਭ ਤੋਂ ਵੱਧ ਖ਼ਤਰਨਾਕ ਹੈ ਕਿਉਂਕਿ ਇਸ ਨੂੰ ਰੀਸਾਈਕਲ ਕਰਕੇ ਇਸ ਦੀ ਕੋਈ ਵਸਤੂ ਨਹੀਂ ਬਣਦੀ। ਕਾਰੋਬਾਰੀਆਂ ਮੁਤਾਬਕ 75 ਮਾਈਕਰੋਨ ਤੋਂ ਜ਼ਿਆਦਾ ਮੋਟਾਈ ਵਾਲੇ ਲਿਫ਼ਾਫ਼ਿਆਂ ਦੀ ਵਿੱਕਰੀ ਕਰਨ ਲਈ ਸਰਕਾਰ ਨੂੰ ਮਨਜ਼ੂਰੀ ਦੇਣੀ ਚਾਹੀਦੀ ਹੈ, ਕਿਉਂਕਿ ਇਨ੍ਹਾਂ ਨੂੰ ਕੂੜੇ ਵਿੱਚੋਂ ਚੁੱਕਿਆ ਜਾਂਦਾ ਤੇ ਦੁਬਾਰਾ ਵੇਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਫ਼ੈਕਟਰੀਆਂ ਨੂੰ ਤਾਲੇ ਲੱਗ ਗਏ ਹਨ ਤੇ ਇਸ ਨਾਲ ਪਤਲੇ ਪਲਾਸਟਿਕ ਦੇ ਲਿਫ਼ਾਫ਼ੇ ਦਿੱਲੀ, ਗੁਜਰਾਤ ਤੋਂ ਤਸਕਰੀ ਰਾਹੀਂ ਆ ਸਕਦੇ ਹਨ।

# ਅਮਰੀਕਾ ਵਿੱਚ ਮੁੜ ਗੋਲੀਬਾਰੀ, ਤਿੰਨ ਪੁਲਸ ਅਧਿਕਾਰੀਆਂ ਦਾ ਕਤਲ




ਵਾਸ਼ਿੰਗਟਨ, 4 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਕੈਂਟਕੀ ਸੂਬੇ ਵਿੱਚ ਘਰੇਲੂ ਹਿੰਸਾ ਦੇ ਦੋਸ਼ੀ ਨੇ ਤਿੰਨ ਪੁਲਸ ਅਧਿਕਾਰੀਆਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਬੀ ਬੀ ਸੀ ਨੇ ਕੱਲ੍ਹ ਇਹ ਰਿਪੋਰਟ ਦਿੱਤੀ, ਜਿਸ ਮੁਤਾਬਕ ਪੁਲਸ ਨੇ 49 ਸਾਲਾ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਫਲੋਇਡ ਕਾਊਂਟੀ ਦੇ ਸ਼ੈਰਿਫ਼ ਜੌਹਨ ਹੰਟ ਨੇ ਕਿਹਾ ਕਿ ਜਦੋਂ ਪੁਲਸ ਕਰਮਚਾਰੀ ਵਿਅਕਤੀ ਦੇ ਘਰ ਪਹੁੰਚੇ ਤਾਂ ਉਸ ਨੇ ਪੁਲਸ ਉੱਤੇ ਗੋਲੀ ਚਲਾ ਦਿੱਤੀ।ਉਨ੍ਹਾਂ ਦੱਸਿਆ ਕਿ ਘਟਨਾ 166 ਦੀ ਆਬਾਦੀ ਵਾਲੇ ਪੂਰਬੀ ਕੇਨਟੂਕੀ ਦੇ ਪਹਾੜੀ ਹਿੱਸੇ ਵਿੱਚ ਐਲਨ ਦੇ ਛੋਟੇ ਕਸਬੇ ਵਿੱਚ ਵਾਪਰੀ। ਇਸ ਵਿੱਚ ਚਾਰ ਹੋਰ ਲੋਕ ਜ਼ਖ਼ਮੀ ਵੀ ਹੋਏ ਹਨ। ਉਨ੍ਹਾਂ ਦੱਸਿਆ ਕਿ ਗੋਲੀਬਾਰੀ ਵਿੱਚ ਮਾਰੇ ਗਏ ਅਫਸਰਾਂ ਦੀ ਪਛਾਣ ਕੈਪਟਨ ਰਾਲਫ਼ ਫ਼ਰੇਜ਼ਰ, ਡਿਪਟੀ ਵਿਲੀਅਮ ਪੈਟਰੀ ਅਤੇ ਕੁੱਤਿਆਂ ਦੇ ਹੈਂਡਲਰ ਜੈਕਬ ਚੈਫ਼ਿਨਸ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਚੈਫ਼ਿਨਸ ਨਾਲ ਆਏ ਕੇ-9 ਡਰੈਗੋ ਕੁੱਤਿਆਂ ਵਿੱਚੋਂ ਇੱਕ ਕੁੱਤੇ ਦੀ ਵੀ ਮੌਤ ਹੋ ਗਈ।ਕੈਪਟਨ ਫ਼ਰੇਜ਼ਰ ਨੇ ਕੈਂਟਕੀ ਪੁਲਸ ਵਿਭਾਗ ਵਿੱਚ 39 ਸਾਲ ਸੇਵਾ ਕੀਤੀ। ਜਦੋਂ ਉਹ ਲੋਕਲ ਸਮੇਂ ਅਨੁਸਾਰ ਕਰੀਬ 19 ਵਜੇ ਦੋਸ਼ੀ ਦੇ ਘਰ ਦਾਖ਼ਲ ਹੋਇਆ ਤਾਂ ਉਸ ਉੱਤੇ ਰਾਈਫਲਾਂ ਨਾਲ ਗੋਲੀਬਾਰੀ ਕੀਤੀ ਗਈ। ਉਨ੍ਹਾਂ ਕਿਹਾ ਕਿ ਸ਼ੱਕੀ ਲਾਂਸ ਸਟੋਰਜ਼ ਨੇ ਕਰੀਬ ਤਿੰਨ ਘੰਟੇ ਗੋਲੀਬਾਰੀ ਕੀਤੀ ਅਤੇ ਪਰਵਾਰਕ ਮੈਂਬਰਾਂ ਦੇ ਸਮਝਾਉਣ ਉੱਤੇ ਆਤਮ ਸਮਰਪਣ ਕਰ ਦਿੱਤਾ। ਪੁਲਸ ਨੇ ਉਸ ਵਿਰੁੱਧ ਕਤਲ ਮਾਮਲਾ ਦਰਜ ਕਰ ਲਿਆ ਹੈ।

# ਗੋਧਰਾ ਰੇਲ ਅਗਨੀ ਕਾਂਡ ਦੇ ਦੋਸ਼ੀ ਨੂੰ ਉਮਰ ਕੈਦ

### * ਕਰੀਬ 19 ਸਾਲਾਂ ਬਾਅਦ ਫੜ੍ਹਿਆ ਸੀ ਪੁਲਸ ਨੇ

ਗੋਧਰਾ, 4 ਜੁਲਾਈ (ਪੋਸਟ ਬਿਊਰੋ)- ਸਾਲ 2002 ਦੇ ਗੋਧਰਾ ਰੇਲ ਅਗਨੀ ਕਾਂਡ ਦੇ ਇੱਕ ਦੋਸ਼ੀ ਨੂੰ ਇੱਥੋਂ ਦੀ ਇੱਕ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਅਗਨੀ ਕਾਂਡ ਵਿੱਚ 59 ਕਾਰਸੇਵਕ ਮਾਰੇ ਗਏ ਸਨ, ਜਿਸ ਮਗਰੋਂ ਗੁਜਰਾਤ ਦੇ ਇਤਿਹਾਸ ਦੇ ਸਭ ਤੋਂ ਭਿਆਨਕ ਦੰਗੇ ਹੋਏ ਸਨ, ਜਿਨ੍ਹਾਂ ਵਿੱਚ 1200 ਤੋਂ ਵੱਧ ਵਿਅਕਤੀ ਮਾਰੇ ਗਏ ਸਨ ਅਤੇ ਮ੍ਰਿਤਕ ਵਿੱਚੋਂ ਬਹੁਤੇ ਘੱਟਗਿਣਤੀ ਭਾਈਚਾਰੇ ਨਾਲ ਸਬੰਧਤ ਸਨ।



ਗੋਧਰਾ ਦੇ ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਨੇ ਦੋਸ਼ੀ ਰਫੀਕ ਭਟੁਕ ਨੂੰ ਸਜ਼ਾ ਸੁਣਾਈ ਹੈ, ਜਿਸ ਨੂੰ ਫਰਵਰੀ 2021 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਉੱਤੇ ਦੋਸ਼ ਹੈ ਕਿ ਅਯੁੱਧਿਆ ਤੋਂ ਮੁੜਦੇ ਕਾਰਸੇਵਕਾਂ ਨਾਲ ਭਰੀ ਰੇਲਗੱਡੀ ਨੂੰ ਅੱਗ ਲਾਉਣ ਵਾਲਿਆਂ ਵਿੱਚ ਉਹ ਵੀ ਸ਼ਾਮਲ ਸੀ। ਵਿਸ਼ੇਸ਼ ਸਰਕਾਰੀ ਵਕੀਲ ਨੇ ਦੱਸਿਆ ਕਿ ਇਸ ਕੇਸ ਵਿੱਚ ਅੱਜ ਤਕ ਅਦਾਲਤ ਨੇ 35 ਦੋਸ਼ੀਆਂ ਨੂੰ ਸਜ਼ਾ ਸੁਣਾਈ ਹੈ। ਪੰਚਮਹਿਲ ਪੁਲਸ ਦੇ ਵਿਸ਼ੇਸ਼ ਅਪਰੇਸ਼ਨਜ਼ ਗਰੁੱਪ ਨੇ ਭਟੁਕ ਨੂੰ ਪਿਛਲੇ ਸਾਲ ਫਰਵਰੀ ਵਿੱਚ ਗੋਧਰਾ ਦੀ ਇੱਕ ਕਾਲੋਨੀ ਵਿੱਚੋਂ ਫੜਿਆ ਸੀ। ਅਗਨੀ ਕਾਂਡ ਵਿੱਚ ਦੋਸ਼ੀ ਐਲਾਨੇ ਜਾਣ ਪਿੱਛੋਂ ਉਹ ਗੋਧਰਾ ਤੋਂ ਭੱਜ ਗਿਆ ਤੇ ਵੱਖ-ਵੱਖ ਸ਼ਹਿਰਾਂ ਵਿੱਚ ਲੁਕਦਾ ਰਿਹਾ ਸੀ। ਵਿਸ਼ੇਸ਼ ਅਦਾਲਤ ਨੇ ਪਹਿਲੀ ਮਾਰਚ 2021 ਨੂੰ 31 ਵਿਅਕਤੀਆਂ ਨੂੰ ਦੋਸ਼ੀ ਐਲਾਨਿਆ ਸੀ। ਇਨ੍ਹਾਂ ਵਿੱਚੋਂ 11 ਨੂੰ ਮੌਤ ਦੀ ਸਜ਼ਾ, ਜਦ ਕਿ 29 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।ਗੁਜਰਾਤ ਹਾਈ ਕੋਰਟ ਨੇ ਅਕਤੂਬਰ 2017 ਵਿੱਚ 11 ਦੋਸ਼ੀਆਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ। ਜਦ ਕਿ ਬਾਕੀਆਂ ਦੀ ਸਜ਼ਾ ਨੂੰ ਬਹਾਲ ਰੱਖਿਆ ਸੀ। ਬਾਅਦ ਵਿੱਚ ਤਿੰਨ ਹੋਰ ਮੁਲਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

# ਪਾਕਿਸਤਾਨ ਵਿੱਚ ਬੱਸ ਖੱਡ ਵਿੱਚ ਡਿੱਗਣ ਨਾਲ 19 ਮੌਤਾਂ

ਕਰਾਚੀ, 4 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਸੂਬੇ ਵਿੱਚ ਕੱਲ੍ਹ ਇੱਕ ਬੱਸ ਦੇ ਪਹਾੜੀ ਸੜਕ ਤੋਂ ਤਿਲਕ ਕੇ ਖੱਡ ਵਿੱਚ ਡਿੱਗਣ ਕਾਰਨ ਘੱਟੋ-ਘੱਟ 19 ਲੋਕਾਂ ਦੀ ਮੌਤ ਹੋ ਗਈ ਅਤੇ 11 ਜ਼ਖ਼ਮੀ ਹੋ ਗਏ। ਬੱਸ ਵਿੱਚ 30 ਤੋਂ ਵੱਧ ਲੋਕ ਸਵਾਰ ਸਨ। ਬੱਸ ਇਸਲਾਮਾਬਾਦ ਤੋਂ ਕੋਇਟਾ ਜਾ ਰਹੀ ਸੀ।

ਟੈਲੀਵਿਜ਼ਨ ਫੁਟੇਜ ਵਿੱਚ ਬਚਾਅ ਕਰਮਚਾਰੀਆਂ ਨੂੰ ਲਹੂ-ਲੁਹਾਨ ਯਾਤਰੀਆਂ ਦੀ ਮਦਦ ਕਰਦੇ ਦੇਖਿਆ ਗਿਆ ਹੈ। ਸਹਾਇਕ ਕਮਿਸ਼ਨਰ ਸਈਦ ਮਹਿਤਾਬ ਸ਼ਾਹ ਨੇ ਦੱਸਿਆ ਕਿ ਜਦੋਂ ਬੱਸ ਕੋਇਟਾ ਨੇੜੇ ਪਹੁੰਚੀ ਤਾਂ ਇੱਕ ਤਿੱਖੇ ਮੋੜ ਉੱਤੇ ਉਹ ਡਰਾਈਵਰ ਤੋਂ ਬੇਕਾਬੂ ਹੋ ਕੇ ਖੱਡ ਵਿੱਚ ਜਾ ਡਿੱਗੀ। 19 ਲਾਸ਼ਾਂ




ਬਰਾਮਦ ਹੋਈਆਂ ਹਨ ਜਦਕਿ 11 ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।ਸਿਵਲ ਹਸਪਤਾਲ ਝੌਬ ਦੇ ਮੈਡੀਕਲ ਸੁਪਰਡੈਂਟ ਡਾਕਟਰ ਨੂਰੁਲ ਹੱਕ ਦੇ ਮੁਤਾਬਕ ਕਈ ਜ਼ਖ਼ਮੀਆਂ ਦੀ ਹਾਲਤ ਨਾਜ਼ੁਕ ਹੈ। ਬਲੋਚਿਸਤਾਨ ਦੇ ਮੁੱਖ ਮੰਤਰੀ ਮੀਰ ਅਬਦੁਲ ਕੁਦੁਸ ਬਿਜੇਂਜੋ ਨੇ ਹਾਦਸੇ ਉੱਤੇ ਦੁੱਖ ਪ੍ਰਗਟ ਕੀਤਾ ਹੈ।ਉਨ੍ਹਾਂ ਜ਼ਖ਼ਮੀਆਂ ਦੇ ਇਲਾਜ ਨੂੰ ਯਕੀਨੀ ਬਣਾਉਣ ਲਈ ਸਿਵਲ ਹਸਪਤਾਲ ਝੌਬ ਵਿੱਚ ਐਮਰਜੈਂਸੀ ਐਲਾਨੇ ਜਾਣ ਦੇ ਹੁਕਮ ਦਿੱਤੇ।

# ਭਾਰਤ ਵੱਲੋਂ ਨੇਪਾਲ ਨੂੰ 75 ਐਂਬੂਲੈਂਸਾਂ ਤੇ 17 ਸਕੂਲੀ ਬੱਸਾਂ ਭੇਟ




ਕਠਮੰਡੂ, 4 ਜੁਲਾਈ (ਪੋਸਟ ਬਿਊਰੋ)- ਭਾਰਤ ਨੇ ਕੱਲ੍ਹ ਨੇਪਾਲ ਨੂੰ 75 ਐਂਬੂਲੈਂਸਾਂ ਤੇ 17 ਸਕੂਲ ਬੱਸਾਂ ਭੇਟ ਕੀਤੀਆਂ। ਇਹ ਕਦਮ ਦੋਵਾਂ ਦੇਸ਼ਾਂ ਵਿਚਾਲੇ ਮਜ਼ਬੂਤ ਤੇ ਲੰਬੇ ਸਮੇਂ ਤੋਂ ਭਾਈਵਾਲੀ ਦੀਆਂ ਆਪਣੀਆਂ ਕੋਸ਼ਿਸ਼ਾਂ ਤਹਿਤ ਤੇ ਨੇਪਾਲ ਨੂੰ ਸਿਹਤ ਤੇ ਸਿੱਖਿਆ ਦੇ ਖੇਤਰਾਂ ਵਿੱਚ ਆਪਣਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਵਿੱਚ ਮਦਦ ਦੇਣ ਲਈ ਚੁੱਕਿਆ ਗਿਆ ਹੈ।ਭਾਰਤ ਦੇ ਨਵ ਨਿਯੁਕਤ ਰਾਜਦੂਤ ਨਵੀਨ ਸ੍ਰੀਵਾਸਤਵ ਨੇ ਨੇਪਾਲ ਦੇ ਸਿੱਖਿਆ, ਵਿਗਿਆਨ ਅਤੇ ਤਕਨੀਕੀ ਮੰਤਰੀ ਦੇਵੇਂਦਰ ਪੌਡੇਲ ਦੀ ਮੌਜੂਦਗੀ ਵਿੱਚ ਵਾਹਨਾਂ ਦੀ ਚਾਬੀ ਸੌਂਪੀ।

ਇਸ ਬਾਰੇ ਨੇਪਾਲ ਵਿਚਲੇ ਭਾਰਤੀ ਦੂਤਘਰ ਨੇ ਕਿਹਾ ਕਿ 75 ਐਂਬੂਲੈਂਸਾਂ ਦਾ ਤੋਹਫਾ ਭਾਰਤ ਦੀ ਆਜ਼ਾਦੀ ਦੇ 75 ਸਾਲਾਂ ਦਾ ਪ੍ਰਤੀਕ ਵੀ ਹੈ।ਸ੍ਰੀਵਾਸਤਵ ਨੇ ਕਿਹਾ, ''ਐਂਬੂਲੈਂਸਾਂ ਅਤੇ ਸਕੂਲੀ ਬੱਸਾਂ ਨੂੰ ਤੋਹਫੇ ਵਿੱਚ ਦੇਣਾ ਦੋਵਾਂ ਦੇਸ਼ਾਂ ਵਿਚਾਲੇ ਮਜ਼ਬੂਤ ਵਿਕਾਸ ਦੀ ਸਾਂਝ ਦਾ ਹਿੱਸਾ ਹੈ।'' ਉਨ੍ਹਾਂ ਕਿਹਾ ਕਿ ਇਹ ਪਹਿਲ ਨੇਪਾਲ-ਭਾਰਤ ਵਿਕਾਸ ਭਾਈਵਾਲੀ ਪ੍ਰੋਗਰਾਮ ਹੇਠ ਭਾਰਤ ਸਰਕਾਰ ਦੀਆਂ ਲੰਬੀਆਂ ਪ੍ਰੰਪਰਾਵਾਂ ਵਿੱਚੋਂ ਇੱਕ ਹੈ। ਇਹ ਕਦਮ ਇਸ ਲਈ ਚੁੱਕਿਆ ਹੈ ਤਾਂ ਕਿ ਨੇਪਾਲ ਸਰਕਾਰ ਨੂੰ ਸਿਹਤ ਤੇ ਸਿੱਖਿਆ ਵਿੱਚ ਆਪਣੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਮਦਦ ਮਿਲ ਸਕੇ। ਪੌਡੇਲ ਨੇ ਨੇਪਾਲ ਵਿੱਚ ਭਾਰਤ ਦੀ ਮਦਦ ਨਾਲ ਚੱਲਦੇ ਵਿਕਾਸ ਪ੍ਰੋਜੈਕਟਾਂ ਦੀ ਵੀ ਸ਼ਲਾਘਾ ਕੀਤੀ।ਭਾਰਤ ਤੇ ਨੇਪਾਲ ਵਿਚਕਾਰ ਸਦੀਆਂ ਪੁਰਾਣਾ ਸਮਾਜਕ, ਧਾਰਮਿਕ ਤੇ ਸਭਿਆਚਾਰਕ ਸਬੰਧ ਰਿਹਾ ਹੈ। ਨੇਪਾਲ ਵਿੱਚ ਬੁਨਿਆਦੀ ਢਾਂਚੇ ਤੋਂ ਲੈ ਕੇ ਸਿਹਤ ਅਤੇ ਸਿੱਖਿਆ ਦੇ ਖੇਤਰ ਤਕ ਭਾਰਤ ਉਸ ਦੀ ਮਦਦ ਕਰਦਾ ਰਿਹਾ ਹੈ। ਇਸੇ ਤਹਿਤ ਇਸ ਤੋਂ ਪਹਿਲਾਂ ਵੀ ਭਾਰਤ ਨੇ ਕਈ ਸਕੂਲਾਂ ਦਾ ਨਿਰਮਾਣ ਕਰ ਕੇ ਨੇਪਾਲ ਸਰਕਾਰ ਨੂੰ ਸੌਂਪੇ ਹਨ।

# ਰਿਆਸੀ ਵਿੱਚ ਲੋਕਾਂ ਨੇ ਸਾਬਕਾ ਭਾਜਪਾ ਵਰਕਰ ਸਣੇ ਦੋ ਅੱਤਵਾਦੀ ਫੜ੍ਹੇ

ਜੰਮੂ, 4 ਜੁਲਾਈ (ਪੋਸਟ ਬਿਊਰੋ)- ਜੰਮੂ ਕਸਮੀਰ ਦੇ ਰਿਆਸੀ ਜ਼ਿਲ੍ਹੇ ਵਿੱਚ ਪਿੰਡ ਵਾਸੀਆਂ ਨੇ ਦਲੇਰੀ ਵਿਖਾਈ ਅਤੇ ਲਸ਼ਕਰ ਏ ਤੋਇਬਾ ਦੇ ਦੋ ਹਥਿਆਰਬੰਦ ਦਹਿਸ਼ਤਗਰਦਾਂ ਨੂੰ ਫੜ ਕੇ ਪੁਲਸ ਹਵਾਲੇ ਕਰ ਦਿੱਤਾ ਹੈ। ਦਹਿਸ਼ਤਗਰਦਾਂ ਦੀ ਪਛਾਣ ਰਾਜੌਰੀ ਦੇ ਤਾਲਿਬ ਹੁਸੈਨ ਅਤੇ ਪੁਲਵਾਮਾ ਦੇ ਫੈਸਲ ਅਹਿਮਦ ਡਾਰ ਵਜੋਂ ਦੱਸੀ ਗਈ ਹੈ। ਇਨ੍ਹਾਂ ਵਿੱਚੋਂ ਤਾਲਿਬ ਭਾਜਪਾ ਦਾ ਸਰਗਰਮ ਮੈਂਬਰ ਦੱਸਿਆ ਜਾਂਦਾ ਹੈ। ਤਾਲਿਬ ਨੇ ਦੋ ਮਹੀਨੇ ਪਹਿਲਾਂ ਜੰਮੂ ਦੇ ਭਾਜਪਾ ਘੱਟਗਿਣਤੀ ਮੋਰਚੇ ਦੇ ਆਈ ਟੀ ਤੇ ਸ਼ੋਸ਼ਲ ਮੀਡੀਆ ਇੰਚਾਰਜ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।



ਭਾਜਪਾ ਦੇ ਘੱਟਗਿਣਤੀ ਮੋਰਚੇ ਦੇ ਪ੍ਰਧਾਨ ਸ਼ੇਖ਼ ਬਸ਼ੀਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਤਾਲਿਬ ਨੂੰ ਰਾਜੌਰੀ ਜ਼ਿਲ੍ਹੇ ਵਿੱਚ ਬੀਤੇ ਦਿਨੀਂ ਹੋਏ ਲੜੀਵਾਰ ਬਾਰੂਦੀ ਸੁਰੰਗ ਧਮਾਕਿਆਂ ਦਾ ਮੁੱਖ ਸਾਜ਼ਿਸ਼ਘਾੜਾ ਮੰਨਿਆ ਜਾਂਦਾ ਹੈ। ਇਸ ਸੰਬੰਧ ਵਿੱਚ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਤਐ ਡੀ ਜੀ ਪੀ ਦਿਲਬਾਗ ਸਿੰਘ ਨੇ ਪਿੰਡ ਵਾਸੀਆਂ ਦੀ ਦਲੇਰੀ ਦੀ ਤਾਰੀਫ ਕਰਦਿਆਂ ਉਨ੍ਹਾਂ ਨੂੰ ਨਗਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਤੁਕਸਾਨ ਢੋਕ ਪਿੰਡ ਦੇ ਲੋਕਾਂ ਨੇ ਅਤਿ ਲੋੜੀਂਦੇ ਲਸ਼ਕਰ ਏ ਤੋਇਬਾ ਦੇ ਕਮਾਂਡਰ ਤਾਲਿਬ ਹੁਸੈਨ ਸਣੇ ਦੋ ਦਹਿਸ਼ਤਗਰਦਾਂ ਫੜੇ ਹਨ। ਜੰਮੂ ਜ਼ੋਨ ਦੇ ਅਡੀਸ਼ਨਲ ਡੀ ਜੀ ਪੀ ਮੁਕੇਸ਼ ਸਿੰਘ ਨੇ ਵੀ ਇੱਕ ਬਿਆਨ ਵਿੱਚ ਕਿਹਾ, ''ਤੁਕਸਾਨ ਢੋਕ ਪਿੰਡ ਦੇ ਲੋਕਾਂ ਨੇ ਬੇਮਿਸਾਲ ਦਲੇਰੀ ਵਿਖਾ ਕੇ ਲਸ਼ਕਰ ਏ ਤੋਇਬਾ ਦੇ ਦੋ ਮੋਸਟ ਵਾਂਟਿਡ ਦਹਿਸ਼ਤਗਰਦਾਂ ਨੂੰ ਫੜਿਆ ਹੈ, ਜੋ ਪੁਲਸ ਅਤੇ ਫੌਜ ਵੱਲੋਂ ਰਾਜੌਰੀ ਜ਼ਿਲ੍ਹੇ ਵਿੱਚ ਬਣਾਏ ਦਬਾਅ ਮਗਰੋਂ ਪਨਾਹ ਲੈਣ ਦੇ ਇਰਾਦੇ ਨਾਲ ਇਸ ਇਲਾਕੇ ਵਿੱਚ ਪੁੱਜੇ ਸਨ।'' ਫੜੇ ਗਏ ਦੂਜੇ ਦਹਿਸ਼ਤਗਰਦ ਦੀ ਪਛਾਣ ਦੱਖਣੀ ਕਸ਼ਮੀਰ ਦੇ ਪੁਲਵਾਮਾ ਨਾਲ ਸਬੰਧਤ ਫੈਸਲ ਅਹਿਮਦ ਡਾਰ ਵਜੋਂ ਹੋਈ। ਪਿੰਡ ਵਾਸੀਆਂ ਨੇ ਦੋਵਾਂ ਕੋਲੋਂ ਦੋ ਏ ਕੇ ਅਸਾਲਟ ਰਾਈਫਲਾਂ, ਸੱਤ ਹੱਥਗੋਲੇ, ਇੱਕ ਪਿਸਟਲ ਅਤੇ ਵੱਡੀ ਮਾਤਰਾ ਵਿੱਚ ਗੋਲੀ ਸਿੱਕਾ ਵੀ ਬਰਾਮਦ ਕੀਤਾ ਹੈ। ਮੁਕੇਸ਼ ਸਿੰਘ ਨੇ ਕਿਹਾ ਕਿ ਲੈਫਟੀਨੈਂਟ ਗਵਰਨਰ ਨੇ ਪਿੰਡ ਵਾਸੀਆਂ ਦੀ ਇਸ ਦਲੇਰੀ ਦੀ ਤਾਰੀਫ ਕਰਦਿਆਂ ਪੰਜ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ। ਡੀ ਜੀ ਪੀ ਨੇ ਦੋ ਲੱਖ ਰੁਪਏ ਦੇ ਵੱਖਰੇ ਇਨਾਮ ਦਾਐਲਾਨ ਕੀਤਾ ਹੈ। ਲੈਫਟੀਨੈਂਟ ਗਵਰਨਰ ਨੇ ਟਵੀਟ ਕੀਤਾ, ''ਮੈਂ ਰਿਆਸੀ ਜ਼ਿਲ੍ਹੇ ਦੇ ਤੁਕਸਾਨ ਡੋਕ ਪਿੰਡ ਦੇ ਲੋਕਾਂ ਦੀ ਦਲੇਰੀ ਨੂੰ ਸਲਾਮ ਕਰਦਾ ਹਾਂ, ਜਿਨ੍ਹਾਂ ਦੋ ਅਤਿ ਲੋੜੀਂਦੇ ਦਹਿਸ਼ਤਗਰਦਾਂ ਫੜੇ ਹਨ। ਆਮ ਲੋਕਾਂ ਵੱਲੋਂ ਵਿਖਾਈ ਇਸ ਦ੍ਰਿੜ੍ਹਤਾ ਤੋਂ ਸਾਫ ਹੈ ਕਿ ਅੱਤਵਾਦ ਦਾ ਅੰਤ ਦੂਰ ਨਹੀਂ ਹੈ।

ਜੰਮੂ ਕਸ਼ਮੀਰ ਭਾਜਪਾ ਦੇ ਮੁਖੀ ਰਵਿੰਦਰ ਰੈਣਾ ਨੇ ਲਸ਼ਕਰ ਦਹਿਸ਼ਤਗਰਦਾਂ ਨੂੰ ਕਾਬੂ ਕਰਨ ਲਈ ਪਿੰਡ ਵਾਸੀਆਂ ਦੀ ਦਲੇਰੀ ਦੀ ਸ਼ਲਾਘਾ ਕਰਦਿਆਂ ਕਿਹਾ, ''ਫੜੇ ਗਏ ਦਹਿਸ਼ਤਗਰਦ ਉਸ ਨੂੰ ਅਤੇ ਪਾਰਟੀ ਹੈਡਕੁਆਰਟਰ ਨੂੰ ਨਿਸ਼ਾਨਾ ਬਣਾਉਣ ਲਈ ਪਾਕਿਸਤਾਨ ਵੱਲੋਂ ਘੜੀ ਸਾਜ਼ਿਸ਼ ਦਾ ਹਿੱਸਾ ਸਨ।'' ਉਸ ਨੇ ਕਿਹਾ, ''ਤਾਲਿਬ ਹੁਸੈਨ ਸ਼ਾਹ ਨੇ ਖੁਦ ਦੀ ਪਛਾਣ ਪੱਤਰਕਾਰ ਵਜੋਂ ਕਰਵਾਈ ਸੀ ਤੇ ਉਸ ਨੇ ਕਈ ਵਾਰ ਮੇਰੇ ਪਾਰਟੀ ਦਫਤਰ ਆ ਕੇ ਮੇਰੀ ਇੰਟਰਵਿਊ ਲਈ ਸੀ। ਉਸ ਨੇ ਸਾਡੇ ਹੈਡਕੁਆਰਟਰ ਆਉਣ ਮਗਰੋਂ ਕਈ ਪਾਰਟੀ ਵਰਕਰਾਂ ਨਾਲ ਰਿਸ਼ਤੇ ਬਣਾ ਲਏ ਸਨ।'' ਰੈਣਾ ਨੇ ਕਿਹ ਕਿ ਉਨ੍ਹਾਂ ਨੂੰ ਸੁਰੱਖਿਆ ਏਜੰਸੀਆਂ ਨੇ ਦੱਸਿਆ ਸੀ ਕਿ ਸ਼ਾਹ ਪਾਕਿਸਤਾਨੀ ਦਹਿਸ਼ਤਗਰਦਾਂ ਦਾ ਪਲਾਂਟ ਕੀਤਾ ਜਾਸੂਸ ਸੀ।''

ਪਿੰਡ ਵਾਸੀਆਂ ਵੱਲੋਂ ਲਸ਼ਕਰ ਦੇ ਚੋਟੀ ਦੇ ਦਹਿਸ਼ਤਗਰਦ, ਜਿਸ ਦਾ ਸਬੰਧ ਭਾਜਪਾ ਨਾਲ ਦੱਸਿਆ ਜਾਂਦਾ ਹੈ ਸਣੇ ਦੋ ਜਣਿਆਂ ਨੂੰ ਕਾਬੂ ਕਰ ਕੇ ਪੁਲਸ ਹਵਾਲੇ ਕਰਨ ਮਗਰੋਂ ਕਾਂਗਰਸ ਤੇ ਭਾਜਪਾ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਪ੍ਰਦੇਸ਼ ਕਾਂਗਰਸ ਦੇ ਮੁੱਖ ਬੁਲਾਰੇ ਰਵਿੰਦਰ ਸ਼ਰਮਾ ਨੇ ਕਿਹਾ ਕਿ ਹਾਕਮ ਪਾਰਟੀ ਨੂੰ ਆਪਣੀ ਜਥੇਬੰਦੀ ਵਿੱਚ ਅੱਤਵਾਦੀ ਦੀ ਸ਼ਮੂਲੀਅਤ ਬਾਰੇ ਦੇਸ਼ ਨੂੰ ਜਵਾਬ ਦੇਣਾ ਬਣਦਾ ਹੈ। ਪਿਛਲੇ ਦੋ ਦਿਨਾਂ ਵਿੱਚ ਇਹ ਦੂਜੀ ਘਟਨਾ ਹੈ ਜਦੋਂ ਦਹਿਸ਼ਤੀ ਘਟਨਾ ਦੇ ਦੋਸ਼ੀ ਦੇ ਭਾਜਪਾ ਨਾਲ ਸਬੰਧਾਂ ਦਾ ਪਤਾ ਲੱਗਾ ਹੈ। ਇਸ ਤੋਂ ਪਹਿਲਾਂ ਕਾਂਗਰਸ ਆਗੂ ਪਵਨ ਖੇੜਾ ਨੇ ਫੇਸਬੁਕ ਪੋਸਟਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਸੀ ਕਿ ਉਦੈਪੁਰ ਵਿੱਚ ਦਰਜੀ ਦਾ ਕਤਲ ਕਰਨ ਵਾਲਾ ਦੋਸ਼ੀ ਰਿਆਜ਼ ਅਖਤਰੀ ਭਾਜਪਾ ਆਗੂਆਂ ਦੇ ਸੰਪਰਕ ਵਿੱਚ ਸੀ।

# ਭਾਰਤ ਦਾ ਤੇਜਸ ਜਹਾਜ਼ ਮਲੇਸ਼ੀਆ ਦੀ ਪਹਿਲੀ ਪਸੰਦ ਬਣਿਆ

### * ਚੀਨੀ, ਰੂਸੀ ਅਤੇ ਦੱਖਣੀ ਕੋਰੀਆ ਦੇ ਜੈਟ ਪਛਾੜੇ

ਨਵੀਂ ਦਿੱਲੀ, 4 ਜੁਲਾਈ (ਪੋਸਟ ਬਿਊਰੋ)- ਭਾਰਤ ਦਾ ਤੇਜਸ ਲੜਾਕੂ ਜੈਟ ਮਲੇਸ਼ੀਆ ਦੀ ਪਹਿਲੀ ਪਸੰਦ ਬਣ ਗਿਆ ਹੈ ਕਿਉਂਕਿ ਦੱਖਣੀ-ਪੂਰਬੀ ਏਸ਼ਿਆਈ ਦੇਸ਼ ਆਪਣੇ ਪੁਰਾਣੇ ਹੋ ਚੁੱਕੇ ਲੜਾਕੂ ਜੈਟਾਂ ਨੂੰ ਬਦਲਣਾ ਚਾਹੁੰਦਾ ਹੈ। ਭਾਰਤ ਅਤੇ ਮਲੇਸ਼ੀਆ ਤੇਜਸ ਦੀ ਖਰੀਦ ਪ੍ਰਕਿਰਿਆ ਨੂੰ ਅੱਗੇ ਚਲਾਉਣ ਲਈ ਗੱਲਬਾਤ ਕਰ ਰਹੇ ਹਨ।



ਹਿੰਦੋਸਤਾਨ ਐਰੋਨੌਟਿਕਸ ਲਿਮਟਿਡ (ਐਚ ਏ ਐਲ) ਦੇ ਚੇਅਰਮੈਨ ਅਤੇ ਐਮ ਡੀ ਆਰ ਮਾਧਵਨ ਨੇ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਚੀਨ ਦੇ ਜੇ ਐਫ-17 ਜੈਟ, ਦੱਖਣੀ ਕੋਰੀਆ ਦੇ ਐਫ ਏ-50, ਰੂਸ ਦੇ ਮਿਗ-35 ਅਤੇ ਯਾਕ-130 ਜੈਟ ਦਾ ਭਾਰਤੀ ਤੇਜਸ ਦਾ ਮੁਕਾਬਲਾ ਸੀ। ਐਚ ਏ ਐਲ ਵੱਲੋਂ ਬਣਾਏ ਤੇਜਸ ਨੇ ਬਾਕੀ ਦੇਸ਼ਾਂ ਦੇ ਜੈਟਾਂ ਨੂੰ ਪਿੱਛੇ ਛੱਡ ਦਿੱਤਾ। ਭਾਰਤ ਨੇ ਪੈਕੇਜ ਤਹਿਤ ਮਲੇਸ਼ੀਆ ਵਿੱਚ ਐਮ ਆਰ ਓ (ਰੱਖ ਰਖਾਅ, ਮੁਰੰਮਤ ਅਤੇ ਓਵਰਹਾਲ) ਸਹੂਲਤ ਦੇਣ ਦੀ ਪੇਸ਼ਕਸ਼ ਕੀਤੀ ਹੈ, ਕਿਉਂਕਿ ਮਾਸਕੋ ਉੱਤੇ ਲੱਗੀਆਂ ਪਾਬੰਦੀਆਂ ਕਾਰਨ ਰੂਸ ਤੋਂ ਖਰੀਦੇ ਐਸ ਯੂ-30 ਜਹਾਜ਼ਾਂ ਦੇ ਪੁਰਜ਼ਿਆਂ ਦੀ ਖਰੀਦ ਵਿੱਚ ਮਲੇਸ਼ੀਆ ਨੂੰ ਮੁਸ਼ਕਲ ਆ ਰਹੀ ਹੈ। ਮਾਧਵ ਨੇ ਭਰੋਸਾ ਇਹ ਪ੍ਰਗਟਾਇਆ ਹੈ ਕਿ ਮਲੇਸ਼ੀਆ ਨਾਲ ਤੇਜਸ ਦਾ ਸੌਦਾ ਛੇਤੀ ਸਿਰੇ ਚੜ੍ਹੇਗਾ। ਐਰੋਸਪੇਸ ਕੰਪਨੀ ਦੇ ਸਿਖਰਲੇ ਅਧਿਕਾਰੀ ਨੇ ਕਿਹਾ ਕਿ ਜੇ ਸੌਦਾ ਤੈਅ ਹੋ ਗਿਆ ਤਾਂ ਤੇਜਸ ਹੋਰ ਸੰਭਾਵੀ ਖਰੀਦਦਾਰਾਂ ਨੂੰ ਬਹੁਤ ਵਧੀਆ ਸੰਕੇਤ ਦੇਵੇਗਾ।

ਮਿਲੀ ਜਾਣਕਾਰੀ ਮੁਤਾਬਕ ਚੀਨੀ ਜੇ ਐਫ-17 ਜੈਟ ਸਸਤਾ ਸੀ, ਪਰ ਇਹ ਤੇਜਸ ਐਮ ਕੇ-ਆਈ ਏ ਕਿਸਮ ਦੇ ਤਕਨੀਕੀ ਪੱਧਰ ਅਤੇ ਭਾਰਤ ਵੱਲੋਂ ਪੇਸਕਸ਼ ਐਸ ਯੂ-30 ਬੇੜੇ ਦੇ ਰੱਖ-ਰਖਾਅ ਦੀ ਪੇਸ਼ਕਸ਼ ਦਾ ਮੁਕਾਬਲਾ ਨਹੀਂ ਕਰ ਸਕਿਆ। ਖਰੀਦ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਸੀਨੀਅਰ ਅਫਸਰਾਂ ਅਤੇ ਮਾਹਰਾਂ ਦੀ ਇੱਕ ਟੀਮ ਦੇ ਛੇਤੀ ਭਾਰਤ ਆਉਣ ਦੀ ਉਮੀਦ ਹੈ। ਪਿਛਲੇ ਸਾਲ ਫਰਵਰੀ ਵਿੱਚ ਰੱਖਿਆ ਮੰਤਰਾਲੇ ਨੇ ਭਾਰਤੀ ਹਵਾਈ ਫੌਜ ਲਈ 83 ਤੇਜਸ ਲੜਾਕੂ ਜੈਟਾਂ ਦੀ ਖਰੀਦ ਲਈ ਐਚ ਏ ਐਲ ਨਾਲ 48 ਹਜ਼ਾਰ ਕਰੋੜ ਰੁਪਏ ਦਾ ਸੌਦਾ ਕੀਤਾ ਸੀ।

# ਇਜ਼ਰਾਈਲ ਦੇ ਨਵੇਂ ਪ੍ਰਧਾਨ ਮੰਤਰੀ ਨੇ ਦੁਸ਼ਮਣ ਦੇਸ਼ਾਂ ਨੂੰ ਲਲਕਾਰਿਆ

ਯੇਰੂਸ਼ਲਮ, 4 ਜੁਲਾਈ (ਪੋਸਟ ਬਿਊਰੋ)- ਇਜ਼ਰਾਈਲੀ ਫ਼ੌਜ ਨੇ ਕੱਲ੍ਹ ਕਿਹਾ ਕਿ ਉਸ ਨੇ ਲੇਬਨਾਨੀ ਅੱਤਵਾਦੀ ਗਰੁੱਪ ਹਿਜ਼ਬੁੱਲਾ ਦੇ ਉਸ ਖੇਤਰ ਵੱਲ ਜਾ ਰਹੇ ਤਿੰਨ ਮਨੁੱਖ ਰਹਿਤ ਜਹਾਜ਼ਾਂ ਨੂੰ ਡੇਗ ਦਿੱਤਾ, ਜਿੱਥੇ ਪਿੱਛੇ ਜਿਹੇ ਭੂਮੱਧ ਸਾਗਰ ਵਿੱਚ ਇੱਕ ਇਜ਼ਰਾਈਲੀ ਗੈਸ ਪਲੇਟਫਾਰਮ ਬਣਾਇਆ ਸੀ। ਡਰੋਨ ਭੇਜਣ ਨੂੰ ਹਿਜ਼ਬੁੱਲਾ ਵੱਲੋਂ ਆਪਣੀ ਸਮੁੰਦਰੀ ਸੀਮਾ ਉੱਤੇ ਇਜ਼ਰਾਈਲ ਤੇ ਲੇਬਨਾਨ ਵਿਚਕਾਰ ਅਮਰੀਕਾ ਦੀ ਵਿਚੋਲਗੀ ਵਾਲੀ ਗੱਲਬਾਤ ਨੂੰ ਤੋੜਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਇਸ ਸਮੁੰਦਰੀ ਰੇਂਜ ਵਿੱਚ ਕੁਦਰਤੀ ਗੈਸ ਵੱਡੀ ਮਾਤਰਾ ਵਿੱਚ ਪਾਈ ਜਾਂਦੀ ਹੈ।

ਇਸ ਮੌਕੇ ਇਜ਼ਰਾਈਲ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਯੇਅਰ ਲੈਪਿਡ ਨੇ ਇਸ ਘਟਨਾ ਬਾਰੇ ਸਖ਼ਤ ਚੇਤਾਵਨੀ ਦਿੱਤੀ ਹੈ। ਕੱਲ੍ਹ ਅਹੁਦਾ ਸੰਭਾਲ ਕੇ ਦੇਸ਼ ਨੂੰ ਆਪਣੇ ਪਹਿਲੇ ਸੰਬੋਧਨ ਵਿੱਚ ਲੈਪਿਡ ਨੇ ਕਿਹਾ,'ਇਸ ਸਮੇਂ ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ ਅਤੇ ਸਭ ਨੂੰ ਦੱਸਦਾ ਹਾਂ, ਜੋ ਗਾਜ਼ਾ ਤੋਂ ਲੈ ਕੇ ਤਹਿਰਾਨ ਤਕ, ਲੇਬਨਾਨ ਦੇ ਤੱਟਾਂ ਤੋਂ ਲੈ ਕੇ ਸੀਰੀਆ ਤਕ ਸਾਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਜ਼ਰਾਈਲ ਜਾਣਦਾ ਹੈ ਕਿ ਹਰ ਖਤਰੇ, ਹਰ ਦੁਸ਼ਮਣ ਵਿਰੁੱਧ ਆਪਣੀ ਤਾਕਤ ਦੀ ਵਰਤੋਂ ਕਿਵੇਂ ਕਰਨੀ ਹੈ।ਇਜ਼ਰਾਈਲ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਕਰਿਸ਼ ਗੈਸ ਖੇਤਰ ਵਿੱਚ ਇੱਕ ਗੈਸ ਰਿਗ ਲਾਇਆ ਸੀ। ਇਜ਼ਰਾਈਲ ਦਾ ਕਹਿਣਾ ਹੈ ਕਿ ਗੈਸ ਖੇਤਰ ਉਸ ਦੇ ਅੰਤਰਰਾਸ਼ਟਰੀ ਪੱਧਰ ਉੱਤੇ ਮਾਨਤਾ ਪ੍ਰਾਪਤ ਆਰਥਿਕ ਪਾਣੀਆਂ ਦੇ ਅੰਦਰ ਹੈ ਪਰ ਲੇਬਨਾਨ ਦਾ ਦਾਅਵਾ ਹੈ ਕਿ ਇਹ ਵਿਵਾਦਿਤ ਪਾਣੀਆਂ ਵਿੱਚ ਹੈ।

# ਫੌਜੀ ਭਰਤੀ ਦੀ ਤਿਆਰੀ ਲਈ ਦੌੜ ਰਹੇ ਪੰਜ ਨੌਜਵਾਨਾਂ ਨੂੰ ਕਾਰ ਨੇ ਕੁਚਲਿਆ, ਦੋ ਦੀ ਮੌਤ

ਪਲਵਲ, 4 ਜੁਲਾਈ (ਪੋਸਟ ਬਿਊਰੋ)- ਫੌਜ ਵਿੱਚ ਭਰਤੀ ਦੀ ਤਿਆਰੀ ਲਈ ਕੇ ਜੀ ਪੀ ਐਕਸਪ੍ਰੈਸ-ਵੇਅ ਉੱਤੇ ਦੌੜਦੇ ਪੰਜ ਨੌਜਵਾਨਾਂ ਨੂੰ ਸਵੇਰੇ ਕਰੀਬ ਸਾਢੇ ਛੇ ਵਜੇ ਕਾਰ ਨੇ ਟੱਕਰ ਮਾਰ ਦਿੱਤੀ। ਇਸ ਕਾਰਨ ਦੋ ਨੌਜਵਾਨਾਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਅਤੇ ਤਿੰਨ ਦੀ ਹਾਲਤ ਗੰਭੀਰ ਹੈ। ਚਾਂਦਹਟ ਥਾਣਾ ਪੁਲਸ ਨੇ ਘਰਦਿਆਂ ਦੀ ਸ਼ਿਕਾਇਤ ਉੱਤੇਕਾਰ ਦੇ ਅਣਪਛਾਤੇ ਚਾਲਕ ਦੇ ਖ਼ਿਲਾਫ ਕੇਸ ਦਰਜ ਕਰ ਲਿਆ ਹੈ।




ਮੌਕੇ ਉੱਤੇ ਮੌਜੂਦ ਪੇਲਕ ਪਿੰਡ ਦੇ ਸੰਦੀਪ ਅਨੁਸਾਰ ਕੱਲ੍ਹ ਸਵੇਰੇ ਵਿਵੇਕ (20), ਲੋਕੇਸ਼ (18), ਹਰੀਸ਼ (19), ਸੌਰਵ (19) ਤੇ ਮੀਸਾ ਪਿੰਡ ਦੇ ਸ਼ੰਮੀ (19) ਸਮੇਤ ਅੱਠ ਨੌਜਵਾਨ ਕੇ ਜੀ ਪੀ ਐਕਸਪ੍ਰੈਸ-ਵੇ ਉੱਤੇ ਫੌਜੀ ਭਰਤੀ ਦੀ ਤਿਆਰੀ ਦੇ ਲਈ ਦੌੜ ਰਹੇ ਸਨ। ਸੰਦੀਪ ਅਨੁਸਾਰ ਪੰਚਾਇਤ ਨੇ ਖੇਡਣ ਲਈ ਚਾਰ ਏਕੜ ਜ਼ਮੀਨ ਦਿੱਤੀ ਹੋਈ ਹੈ। ਇਸ ਵਿੱਚ ਉਹ ਦੋ ਸਾਲ ਤੋਂ ਫੌਜ ਦੀ ਤਿਆਰੀ ਕਰ ਰਹੇ ਸਨ, ਪਰ ਦੋ ਦਿਨ ਪਹਿਲਾਂ ਹੋਈ ਬਾਰਸ਼ ਦੇ ਕਾਰਨ ਉਸ ਵਿੱਚ ਪਾਣੀ ਭਰ ਗਿਆ। ਇਸ ਕਾਰਨ ਉਹ ਕੇ ਜੀ ਪੀ ਉੱਤੇ ਦੌੜ ਲਾਉਣ ਜਾਣ ਲੱਗੇ। ਕੱਲ੍ਹ ਸਵੇਰੇ ਪੰਜ ਵਜੇ ਸਾਰੇ ਸਾਥੀ ਕੇ ਜੀ ਪੀ (ਕੁੰਡਲੀ-ਪਲਵਲ) ਐਕਸਪ੍ਰੈਸ-ਵੇ ਉੱਤੇ ਦੌੜ ਲਾ ਰਹੇ ਸਨ। ਵਿਵੇਕ, ਲੋਕੇਸ਼, ਹਰੀਸ਼, ਸ਼ੰਨੀ ਤੇ ਸੌਰਵ ਅੱਗੇ ਸਨ, ਜਦ ਕਿ ਸੰਦੀਪ ਸਮੇਤ ਤਿੰਨ ਉਨ੍ਹਾਂ ਤੋਂ ਥੋੜ੍ਹਾ ਪਿੱਛੇ ਸਨ। ਇਸੇ ਦੌਰਾਨ ਇੱਕ ਸਫੈਦ ਆਲਟੋ ਕਾਰ ਪਲਵਲ ਵੱਲੋਂ ਆਈ ਅਤੇ ਅੱਗੇ ਦੌੜਦੇ ਪੰਜਾਂ ਨੌਜਵਾਨਾਂ ਨੂੰ ਟੱਕਰ ਮਾਰ ਕੇ ਗਾਜ਼ੀਆਬਾਦ ਵੱਲ ਚਲੀ ਗਈ। ਇਸ ਨਾਲ ਵਿਵੇਕ ਤੇ ਲੋਕੇਸ਼ ਦੀ ਮੌਕੇ ਉੱਤੇ ਹੀ ਮੌਤ ਹੋ ਗਈ, ਜਦ ਕਿ ਹਰੀਸ਼, ਸ਼ੰਮੀ ਤੇ ਸੌਰਵ ਦੀ ਹਾਲਤ ਗੰਭੀਰ ਹੈ।

ਸੰਦੀਪ ਅਨੁਸਾਰ ਕਾਰ ਦੀ ਟੱਕਰ ਨਾਲ ਇੱਕ ਨੌਜਵਾਨ ਉਛਲ ਕੇ ਗੱਡੀ ਦੇ ਬੋਨਟ ਉੱਤੇ ਜਾ ਡਿੱਗਾ ਅਤੇ ਸ਼ੀਸ਼ੇ ਨੂੰ ਤੋੜਦੇ ਹੋਏ ਚਾਲਕ ਕੋਲ ਪਹੁੰਚ ਗਿਆ। ਕਾਰ ਚਾਲਕ ਉਸ ਨੂੰ ਦੁਰਘਟਨਾ ਵਾਲੀ ਥਾਂ ਤੋਂ ਕਰੀਬ 150 ਮੀਟਰ ਤਕ ਅੱਗੇ ਲੈ ਗਿਆ ਅਤੇ ਫਿਰ ਕਾਰ ਵਿੱਚੋਂ ਕੱਢ ਕੇ ਸੜਕ ਉੱਤੇ ਸੁੱਟਣ ਪਿੱਛੋਂ ਫਰਾਰ ਹੋ ਗਿਆ। ਉਨ੍ਹਾਂ ਨੇ ਜ਼ਖਮੀ ਹੋਏ ਦੋਸਤਾਂ ਨੂੰ ਹਸਪਤਾਲ ਪਹੁੰਚਾਇਆ ਅਤੇ ਘਰਦਿਆਂ ਨੂੰ ਸੂਚਨਾ ਦਿੱਤੀ।ਚੰਦਹਟ ਥਾਣਾ ਪੁਲਸ ਨੇ ਮ੍ਰਿਤਕ ਲੋਕੇਸ਼ ਦੇ ਭਰਾ ਤੋਤਾਰਾਮ ਦੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਹੈ। ਪੁਲਸ ਅਨੁਸਾਰ ਹਾਦਸੇ ਦੇ ਸਮੇਂ ਕਾਰ ਦੀ ਨੰਬਰ ਪਲੇਟ ਘਟਨਾ ਵਾਲੀ ਜਗ੍ਹਾਓਥੇ ਡਿੱਗ ਗਈ ਸੀ, ਜਿਸ ਦੇ ਆਧਾਰ ਉੱਤੇ ਕਾਰ ਮਾਲਕ ਦੀ ਪਛਾਣ ਕੀਤੀ ਗਈ ਹੈ। ਕਾਰ ਮਾਲਕ ਤੋਂ ਪੁੱਛਗਿੱਛ ਲਈ ਪੁਲਸ ਦੀ ਟੀਮ ਭੇਜ ਦਿੱਤੀ ਗਈ ਹੈ। ਹਾਦਸੇ ਦਾ ਸ਼ਿਕਾਰ ਹੋਏ ਸਾਰੇ ਬੱਚੇ ਕਿਸਾਨ ਪਰਵਾਰਾਂ ਤੋਂ ਹਨ।

# ਪਾਕਿਸਤਾਨੀ ਫੌਜੀ ਕਮਾਂਡਰ ਟੀ ਟੀ ਪੀ ਨਾਲ ਸ਼ਾਂਤੀ ਵਾਰਤਾ ਕਰਨਗੇ



ਇਸਲਾਮਾਬਾਦ, 4 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੀ ਇੱਕ ਪਾਰਲੀਮੈਂਟਰੀ ਕਮੇਟੀ ਨੇ ਫੌਜੀ ਲੀਡਰਸ਼ਿਪ ਨੂੰ ਪਾਬੰਦੀਸ਼ੁਦਾ ਤਹਿਰੀਕ ਏ ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਨਾਲ ਵਾਰਤਾ ਦਾ ਅਧਿਕਾਰ ਦਿੱਤਾ ਹੈ।

ਗ੍ਰਹਿ ਮੰਤਰੀ ਰਾਣਾ ਸਨਾਉਲ੍ਹਾ ਨੇ ਦੱਸਿਆ ਕਿ ਫੌਜੀ ਲੀਡਰਸ਼ਿਪ ਵਾਰਤਾ ਵਿੱਚ ਹੋਣ ਵਾਲੀ ਕਿਸੇ ਵੀ ਪ੍ਰਗਤੀ ਦੀ ਜਾਣਕਾਰੀ ਕਮੇਟੀ ਨੂੰ ਦੇਵੇਗੀ। ਇਸ ਵਿਸ਼ੇ ਉੱਤੇਪਾਰਲੀਮੈਂਟ ਵਿੱਚ ਚਰਚਾ ਕਰਾਈ ਜਾਵੇਗੀ। ਸਨਾਉਲ੍ਹਾ ਨੇ ਦੱਸਿਆ ਕਿ ਵਾਰਤਾ ਸਿਰਫ ਪਾਕਿ-ਸਤਾਨ ਦੇ ਸੰਵਿਧਾਨ ਤਹਿਤ ਹੋਵੇਗੀ। ਡਾਨ ਅਖਬਾਰ ਨੇ ਉਨ੍ਹਾਂ ਦੇ ਹਵਾਲੇ ਨਾਲ ਦੱਸਿਆ ਕਿ ਕਿਸੇ ਵੀ ਸਮਝੌਤੇ ਉੱਤੇ ਸੰਵਿਧਾਨ ਦੇ ਤਹਿਤ ਹੀ ਪਹੁੰਚਿਆ ਜਾਵੇਗਾ। ਵਰਨਣ ਯੋਗ ਹੈ ਕਿ ਪਾਕਿਸਤਾਨੀ ਫੌਜ ਨੇ 22 ਜੂਨ ਨੂੰ ਸਿਆਸੀ ਲੀਡਰਸ਼ਿਪ ਨੂੰ ਭਰੋਸਾ ਦਿੱਤਾ ਸੀ ਕਿ ਟੀ ਟੀ ਪੀ ਨਾਲ ਚੱਲਦੀ ਵਾਰਤਾ ਵਿੱਚ ਕੋਈ ਵੀ ਰਿਆਇਤ ਨਹੀਂ ਦਿੱਤੀ ਜਾਵੇਗੀ ਅਤੇ ਅੱਤਵਾਦੀ ਜਥੇਬੰਦੀ ਨਾਲ ਹੋਣ ਵਾਲੇ ਸਮਝੌਤੇ ਦੀ ਪਾਰਲੀਮੈਂਟ ਤੋਂ ਮਨਜ਼ੂਰੀ ਲਈ ਜਾਵੇਗੀ। ਅਖਬਾਰ ਦੀ ਖਬਰ ਅਨੁਸਾਰ ਫੌਜੀ ਲੀਡਰਸ਼ਿਪ ਨੇ ਇਹ ਭਰੋਸਾ ਪ੍ਰਧਾਨ ਮੰਤਰੀ ਦਫਤਰ ਵਿੱਚ ਸਿਆਸੀ ਲੀਡਰਸ਼ਿਪ ਨਾਲ ਹੋਈ ਇੱਕ ਮੀਟਿੰਗ ਦੌਰਾਨ ਦਿੱਤਾ। ਟੀ ਟੀ ਪੀ ਲਾਲ ਅਫਗਾਨ-ਤਾਲਿਬਾਨ ਦੀ ਮਦਦ ਨਾਲ ਜਾਰੀ ਵਾਰਤਾ ਪਿੱਛੋਂ ਪਹਿਲੀ ਵਾਰ ਕੌਮੀ ਸਿਆਸੀ ਲੀਡਰਸ਼ਿਪ ਤੇ ਫੌਜੀ ਲੀਡਰਸ਼ਿਪ ਵਿਚਾਲੇ ਮੀਟਿੰਗ ਹੋਈ ਹੈ।

# ਦਫਨਾਈ ਗਈ ਲਾਸ਼ ਉਤੇ ਹਿੰਦੂ ਪਰਵਾਰ ਦਾ ਦਾਅਵਾ

### * ਡੀ ਐਨ ਏ ਟੈਸਟਿੰਗ ਦੇ ਲਈ ਲਾਸ਼ ਕਬਰ ਵਿੱਚੋਂ ਕੱਢੀ

ਕੌਸ਼ਾਂਬੀ, 4 ਜੁਲਾਈ (ਪੋਸਟ ਬਿਊਰੋ)- ਫਤਿਹਪੁਰ ਜ਼ਿਲ੍ਹੇ ਦੇ ਇੱਕ ਹਿੰਦੂ ਪਰਵਾਰ ਨੇ ਇਥੇ ਇੱਕ ਮੁਸਲਿਮ ਪਰਵਾਰ ਵੱਲੋਂ ਦਫਨਾਈ ਗਈ ਲਾਸ਼ ਆਪਣੇ ਬੇਟੇ ਦੀ ਹੋਣ ਦਾ ਦਾਅਵਾ ਕੀਤਾ ਹੈ। ਜ਼ਿਲ੍ਹਾ ਅਧਿਕਾਰੀ ਦੇ ਆਦੇਸ਼ ਉੱਤੇ ਕੱਲ੍ਹ ਲਾਸ਼ ਨੂੰ ਕਬਰ ਤੋਂ ਡੀ ਐਨ ਏ ਟੈਸਟਿੰਗ ਦੇ ਲਈ ਬਾਹਰ ਕੱਢਿਆ ਗਿਆ ਹੈ।

ਮਿਲੀ ਜਾਣਕਾਰੀ ਦੇ ਅਨੁਸਾਰ ਸੈਨੀ ਥਾਣਾ ਖੇਤਰ ਦੇ ਦਿੱਲੀ ਹਾਵੜ੍ਹਾ ਰੇਲ ਲਾਈਨ ਵਿਚਲੇ ਬਨਪੁਕਰਾ ਪਿੰਡ ਦੇ ਸਾਹਮਣੇ 21 ਜੂਨ ਨੂੰ ਇੱਕ 20 ਸਾਲ ਨੌਜਵਾਨ ਦੀ ਲਾਸ਼ ਮਿਲੀ ਸੀ, ਜਿਸ ਨੂੰ ਸੈਨੀ ਥਾਣਾ ਖੇਤਰ ਦੇ ਬਿਜਲੀਪੁਰ ਪਿੰਡ ਦੇ ਸ਼ਬੀਰ ਨੇ ਆਪਣੇ ਬੇਟੇ ਰਮਜਾਨ ਵਜੋਂ ਪਛਾਣ ਕਰ ਕੇ ਉਸ ਨੂੰ ਆਪਣੇ ਪਿੰਡ ਦੇ ਕਬਰਸਤਾਨ ਵਿੱਚ ਦਫਨਾ ਦਿੱਤਾ ਸੀ। ਗੁਆਂਢੀ ਜ਼ਿਲ੍ਹੇ ਫਤੇਹਪੁਰ ਦੇ ਧਾਤਾ ਥਾਣਾ ਖੇਤਰ ਦੇ ਧਾਤਾ ਨਿਵਾਸੀ ਸੰਤਰਾਜ ਨੇ 28 ਜੂਨ ਨੂੰ ਜ਼ਿਲ੍ਹਾ ਅਧਿਕਾਰੀ ਕੌਸ਼ਾਂਬੀ ਨੂੰ ਬੇਨਤੀ-ਪੱਤਰ ਦੇ ਕੇ ਕਬਰ ਵਿੱਚ ਦਫਨਾਈ ਲਾਸ਼ ਨੂੰ ਆਪਣੇ ਬੇਟੇ



ਸੂਰਜ ਦੀ ਹੋਣ ਦਾ ਦਾਅਵਾ ਕੀਤਾ ਅਤੇ ਉਨ੍ਹਾਂ ਨੇ ਮਾਮਲੇ ਦੀ ਜਾਂਚ ਕਰਨ ਦੀ ਬੇਨਤੀ ਕੀਤੀ। ਜ਼ਿਲ੍ਹਾ ਅਧਿਕਾਰੀ ਕੌਸ਼ਾਂਬੀ ਸੁਜੀਤ ਕੁਮਾਰ ਨੇ ਇਸ ਮਾਮਲੇ ਵਿੱਚ ਉਪ ਜ਼ਿਲ੍ਹਾ ਅਧਿਕਾਰੀ ਅਤੇ ਖੇਤਰੀ ਅਧਿਕਾਰੀ ਨੂੰ ਲਾਸ਼ ਨੂੰ ਕਬਰ ਤੋਂ ਕੱਢ ਕੇ ਤਿੰਨ ਡਾਕਟਰਾਂ ਦੇ ਪੈਨਲ ਵੱਲੋਂ ਜਾਂਚ ਕਰਵਾਉਣ ਦੇ ਨਿਰਦੇਸ਼ ਦਿੱਤੇ। ਇਸ ਦੇ ਬਾਅਦ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕਬਰ ਤੋਂਲਾਸ਼ ਨੂੰ ਕੱਢਿਆ ਗਿਆ।ਉਥੇ ਮੌਜੂਦ ਡਾਕਟਰਾਂ ਦੇ ਪੈਨਲ ਨੇ ਲਾਸ਼ ਦੀ ਡੀ ਐਨ ਏ ਜਾਂਚ ਲਈ ਨਮੂਨੇ ਲਏ। ਇਸਦੇ ਨਾਲ ਸ਼ਬੀਰ ਅਤੇ ਸੰਤਰਾਜ ਦੇ ਵੀ ਖ਼ੂਨ ਦੇ ਸੈਂਪਲ ਲਏ ਗਏ। ਇੱਕ ਅਧਿਕਾਰੀ ਨੇ ਦੱਸਿਆ ਕਿ ਡੀ ਐਨ ਏ ਜਾਂਚ ਪਿੱਛੋਂ ਫੈਸਲਾ ਹੋਏਗਾ ਕਿ ਲਾਸ਼ ਰਮਜਾਨ ਦੀ ਹੈ ਜਾਂ ਸੂਰਜ ਦੀ। ਥਾਣਾ ਮੁੱਖੀ ਨੇ ਦੱਸਿਆ ਕਿ ਲਾਸ਼ ਨਮੂਨੇ ਇਕੱਠੇ ਕਰਨ ਦੇ ਬਾਅਦ ਫਿਰ ਦਫਨਾ ਦਿੱਤੀ ਹੈ।

# ਬਰੈਂਪਟਨ ਵਿਚ ਕੈਰਾਬਰਮ-2022 ਦਾ ਆਯੋਜਨ 8, 9 ਤੇ 10 ਜੁਲਾਈ ਨੂੰ



ਬਰੈਂਪਟਨ, (ਡਾ. ਝੰਡ) - ਕੈਨੇਡਾ ਦੇ ਬਹੁ-ਮੁਖੀ ਸੱਭਿਆਚਾਰ ਨੂੰ ਦਰਸਾਉਂਦੇ ਹੋਏ ਸਾਂਝੇ ਸੱਭਿਆਚਾਰਕ ਮੇਲੇ 'ਕੈਰਾਬਰਮ-2022 ਦਾ ਆਯੋਜਨ ਹਰ ਸਾਲ ਟੋਰਾਂਟੋ ਏਰੀਏ ਵਿਚ ਕੀਤਾ ਜਾਂਦਾ ਹੈ। ਇਸ ਦੇ ਇਕ ਹਿੱਸੇ 'ਪੰਜਾਬ ਪਾਵਿਲੀਅਨ' ਦਾ ਆਯੋਜਨ ਬਰੈਂਪਟਨ ਦੇ ਲੋਫ਼ਰ ਲੇਕ ਲੇਨ ਕਰੀਏਸ਼ਨ ਸੈਂਟਰ ਵਿਚ 8,9 ਤੇ 10 ਜੁਲਾਈ ਨੂੰ ਕੀਤਾ ਜਾ ਰਿਹਾ ਹੈ। ਇਸ ਵਿਚ ਵੱਖ-ਵੱਖ ਕਿਸਮ ਦੇ ਨਾਚ, ਗੀਤ-ਸੰਗੀਤ, ਭੰਗੜਾ ਗਿੱਧਾ, ਫ਼ੈਂਸੀ ਡਰੈੱਸ, ਆਦਿ ਆਈਟਮਾਂ ਪੇਸ਼ ਕਰਨ ਦਾ ਪ੍ਰੋਗਰਾਮ ਇਸ ਮੇਲੇ ਦੀ ਆਰਗੇਨਾਈਜ਼ੇਸ਼ਨ ਕਮੇਟੀ ਵੱਲੋਂ ਉਲੀਕਿਆ ਗਿਆ ਹੈ।

ਇਸ ਮੇਲੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਬਰੈਂਪਟਨ ਦੀਆਂ ਦੋ ਦਰਜਨ ਤੋਂ ਵਧੀਕ ਸੀਨੀਅਰਜ਼ ਕਲੱਬਾਂ ਦੀ ਸਾਂਝੀ 'ਅੰਬਰੇਲਾ-ਬਾਡੀ' ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਦੱਸਿਆ ਕਿ ਇਸ ਵਿਚ ਸੀਨੀਅਰਜ਼ ਸਾਥੀਆਂ ਦੇ ਤਾਸ਼ ਦੀ ਗੇਮ 'ਸਵੀਪ' ਦੇ ਮੁਕਾਬਲੇ ਕਰਵਾਉਣ ਦੀ ਜ਼ਿੰਮੇਂਵਾਰੀ ਇਸ ਐਸੋਸੀਏਸ਼ਨ ਨੂੰ ਸੌਂਪੀ ਗਈ ਹੈ ਅਤੇ ਇਹ ਮੁਕਾਬਲੇ ਬਰੈਂਪਟਨ ਦੇ ਲੋਫ਼ਰ ਲੇਕ ਲੇਨ ਕਰੀਏਸ਼ਨ ਸੈਂਟਰ ਵਿਚ 8,9 ਅਤੇ 10 ਜੁਲਾਈ ਨੂੰ ਕਰਵਾਏ ਜਾ ਰਹੇ ਹਨ।

ਇਸ ਗੇਮ 'ਸਵੀਪ' ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਚਾਹਵਾਨ ਸੀਨੀਅਰਜ਼ ਸਾਥੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਵਿਚ ਭਾਗ ਲੈਣ ਵਾਲੀਆਂ ਟੀਮਾਂ ਲਈ ਕੇਵਲ 10 ਡਾਲਰ ਹੀ ਐਂਟਰੀ ਫ਼ੀਸ ਰੱਖੀ ਗਈ ਹੈ। ਇਨ੍ਹਾਂ ਮੁਕਾਬਲਿਆਂ ਵਿਚੋਂ ਪਹਿਲੇ, ਦੂਸਰੇ ਅਤੇ ਤੀਸਰੇ ਨੰਬਰ 'ਤੇ ਆਉਣ ਵਾਲੀਆਂ ਟੀਮਾਂ ਦੇ ਨਾਂਵਾਂ ਦਾ ਐਲਾਨ 10 ਜੁਲਾਈ ਵਾਲੇ ਦਿਨ ਹੋਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਵਿਚ ਕੀਤਾ ਜਾਏਗਾ ਅਤੇ ਉਨ੍ਹਾਂ ਨੂੰ ਉੱਥੇ ਨਕਦ ਇਨਾਮ ਦਿੱਤੇ ਜਾਣਗੇ।

ਤਾਸ਼ ਦੇ ਇਨ੍ਹਾਂ ਸਵੀਪ-ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਟੀਮਾਂ ਨੂੰ ਆਪਣੀ ਰਜਿਸਟ੍ਰੇਸ਼ਨ ਵੀਰਵਾਰ 7 ਜੁਲਾਈ ਜਾਂ ਇਸ ਤੋਂ ਪਹਿਲਾਂ ਕਰਵਾਉਣੀ ਜ਼ਰੂਰੀ ਹੈ। ਇਹ ਰਜਿਸਟ੍ਰੇਸ਼ਨ ਕਰਵਾਉਣ ਲਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਐਸੋਸੀਏਸ਼ਨ ਦੀ ਕਾਰਜਕਾਰਨੀ ਦੇ ਅਹੁਦੇਦਾਰਾਂ ਜੰਗੀਰ ਸਿੰਘ ਸੈਂਹਬੀ (416-409- 0126), ਰਣਜੀਤ ਸਿੰਘ ਤੱਗਰ (416-878-3711), ਪ੍ਰੀਤਮ ਸਿੰਘ ਸਰਾਂ (416-833-0567), ਅਮਰੀਕ ਸਿੰਘ ਕੁਮਰੀਆ (647-998-7253), ਮਹਿੰਦਰ ਸਿੰਘ ਮੋਹੀ (416-659-1232), ਪ੍ਰਿਤਪਾਲ ਸਿੰਘ ਗਰੇਵਾਲ (647-209-9905), ਇਕਬਾਲ ਸਿੰਘ ਵਿਰਕ (647-704-7803) ਜਾਂ ਹਰਚੰਦ ਸਿੰਘ ਬਾਸੀ 437-255-5029) ਨੂੰ ਉਨ੍ਹਾਂ ਦੇ ਦਿੱਤੇ ਹੋਏ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦਿੱਲੀ ਦੇ ਵਿਧਾਇਕਾਂ ਦੀ ਤਨਖ਼ਾਹ ਵਧਾਉਣ ਦਾ ਬਿੱਲ ਵਿਧਾਨ ਸਭਾ ਤੋਂ ਪਾਸ

ਨਵੀਂ ਦਿੱਲੀ, 4 ਜੁਲਾਈ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਨੇ ਅੱਜ ਸੋਮਵਾਰ ਨੂੰ ਵਿਧਾਇਕਾਂ ਦੀ ਤਨਖ਼ਾਹ ਅਤੇ ਭੱਤਿਆਂ ਵਿੱਚ 66 ਫ਼ੀਸਦੀ ਵਾਧੇ ਦਾਬਿੱਲਪ੍ਰਵਾਨ ਕਰ ਲਿਆ ਹੈ।ਭਾਰਤ ਵਿੱਚਦਿੱਲੀ ਦੇ ਵਿਧਾਇਕਾਂ ਦੀਤਨਖ਼ਾਹ ਸਭ ਤੋਂ ਘੱਟ ਹੈ। ਮੰਤਰੀਆਂ, ਵਿਧਾਇਕਾਂ, ਵਿਧਾਨ ਸਭਾ ਸਪੀਕਰ, ਡਿਪਟੀ ਸਪੀਕਰ ਤੇ ਵਿਰੋਧੀ ਧਿਰ ਦੇ ਆਗੂ ਦੀ ਤਨਖ਼ਾਹ ਨਾਲ ਸਬੰਧਤ 5 ਵੱਖ-ਵੱਖਬਿੱਲਅੱਜ ਸਦਨ ਵਿੱਚ ਪੇਸ਼ ਕੀਤੇ ਗਏ ਤੇ ਉਨ੍ਹਾਂ ਨੂੰ ਪਾਸ ਕੀਤਾ ਗਿਆ।ਇਹ ਬਿੱਲ ਅੱਗੋਂ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਲੈਫਟੀਨੈਂਟ ਗਵਰਨਰ ਨੂੰ ਭੇਜੇ ਜਾਣਗੇ।

ਇਸ ਮੌਕੇ ਮਾਲ ਮੰਤਰੀ ਕੈਲਾਸ਼ ਗਹਿਲੋਤ ਨੇ ਟਵੀਟ ਕੀਤਾ, "ਪਿਛਲੇ 11 ਸਾਲਾਂ ਦੇ ਬਾਅਦ ਵਾਧੇ ਪਿੱਛੋਂਦਿੱਲੀ ਵਿਧਾਨ ਸਭਾ ਨੇ ਮੰਤਰੀਆਂ, ਵਿਧਾਇਕਾਂ, ਚੀਫ਼ ਵ੍ਹਿਪ, ਸਪੀਕਰ ਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ ਤੇ ਭੱਤੇ ਵਧਾਉਣ ਲਈ ਪੰਜ ਬਿੱਲ ਪਾਸ ਕੀਤੇ ਹਨ, ਇਹ ਬਿੱਲ ਰਾਸ਼ਟਰਪਤੀ ਦੀ ਮਨਜ਼ੂਰੀ ਪਿੱਛੋਂ ਲਾਗੂ ਹੋਣਗੇ।" ਦਿੱਲੀ ਦੇ ਵਿਧਾਇਕ ਨੂੰ ਅਜੇ ਤੱਕ ਤਨਖਾਹ ਅਤੇ ਭੱਤਿਆਂ ਵਜੋਂ 54,000 ਪ੍ਰਤੀ ਮਹੀਨਾ ਮਿਲਦੇ ਹਨ, ਜਿਹੜੇ ਰਾਸ਼ਟਰਪਤੀ ਦੀ ਮਨਜ਼ੂਰੀ ਪਿੱਛੋਂ 90,000 ਰੁਪਏ ਮਹੀਨਾ ਹੋ ਜਾਣਗੇ। ਚੋਣ ਹਲਕਾ ਭੱਤਾ 18,000 ਰੁਪਏ ਤੋਂ ਵਧਾ ਕੇ 25,000 ਰੁਪਏ ਤੇ ਆਵਾਜਾਈ ਭੱਤਾ 6,000 ਰੁਪਏ ਤੋਂ ਵਧਾ ਕੇ 10,000 ਰੁਪਏ ਕੀਤਾ ਜਾਵੇਗਾ। ਟੈਲੀਫੋਨ ਭੱਤਾ 8,000 ਰੁਪਏ ਦੀ ਥਾਂ 10,000 ਰੁਪਏ ਅਤੇ ਸੈਕਟਰੀਏਟ ਭੱਤਾ 10,000 ਰੁਪਏ ਤੋਂ ਵਧ ਕੇ 15,000 ਹੋ ਜਾਵੇਗਾ। ਵਿਰੋਧੀ ਧਿਰ ਦੇ ਨੇਤਾ ਰਾਮਵੀਰ ਸਿੰਘ ਬਿਧੂੜੀ ਨੇ ਕਿਹਾ ਕਿ 2015 ਵਿੱਚ ਵਿਧਾਇਕਾਂ ਦੀ ਤਨਖਾਹ ਵਧਾਉਣ ਦੀ ਗੱਲ ਚੱਲੀ ਤਾਂ ਮੈਂ ਉਦੋਂ ਵੀ ਕਿਹਾ ਸੀ ਕਿ ਇਹਕਰਨਾ ਚਾਹੀਦਾ ਹੈ। ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੇ ਕਿਹਾ ਕਿ ਸਾਲ 1993 ਵਿੱਚ ਜਦੋਂ ਦਿੱਲੀ ਵਿਧਾਨ ਸਭਾ ਬਣੀ, ਉਦੋਂ ਤੋਂ 2011 ਤੱਕ 18 ਸਾਲਾਂ ਵਿੱਚ ਪੰਜ ਵਾਰ ਤਨਖਾਹ ਵਧਾਈ ਗਈ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਛੇ ਸਾਲਾਂ ਬਾਅਦ ਦਿੱਲੀ ਦੇ ਵਿਧਾਇਕਾਂ ਦੀ ਤਨਖਾਹ ਦੇ ਵਾਧੇ ਬਾਰੇਦਿੱਲੀ ਵਿਧਾਨ ਸਭਾ ਵਿੱ-ਚਬਿੱਲ ਪੇਸ਼ ਕਰਨ ਦੀ ਮਨਜ਼ੂਰੀ ਦਿੱਤੀ ਸੀ। 2015 ਵਿੱਚਦਿੱਲੀ ਵਿਧਾਨ ਸਭਾ ਨੇ ਵਿਧਾਇਕਾਂ ਦੀਆਂ ਤਨਖਾਹਾਂ ਵਿੱਚ ਸੋਧ ਦਾਬਿੱਲ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਮਨਜ਼ੂਰੀ ਲਈ ਭੇਜਿਆ ਸੀ, ਪਰ ਉਹ ਅੱਜ ਤੱਕ ਪਾਸ ਨਹੀਂ ਹੋਇਆ, ਉਦੋਂ ਤੋਂ ਕੇਸ ਲਟਕ ਰਿਹਾ ਸੀ।ਦਿੱਲੀ ਦੇ ਵਿਧਾਇਕਾਂ ਦੀ ਤਨਖਾਹ 12 ਹਜ਼ਾਰ ਤੋਂ ਵਧ ਕੇ ਸਾਰੇ ਭੱਤਿਆਂ ਸਮੇਤ 90 ਹਜ਼ਾਰ ਰੁਪਏ ਹੋ ਜਾਵੇਗੀ।ਆਮ ਆਦਮੀ ਪਾਰਟੀ ਦੇ ਮੁਤਾਬਕ ਦਿੱਲੀ ਦੇ ਵਿਧਾਇਕਾਂ ਦੀ ਤਨਖਾਹ ਅਜੇ ਤੱਕ ਵੀ ਹੋਰ ਰਾਜਾਂ ਤੋਂ ਘੱਟ ਹੈ। ਤੇਲੰਗਾਨਾ ਵਿੱਚ 2.50 ਲੱਖ ਰੁਪਏ, ਮਹਾਰਾਸ਼ਟਰ ਵਿੱਚ 2.32 ਲੱਖ ਰੁਪਏ, ਉੱਤਰ ਪ੍ਰਦੇਸ਼ ਵਿੱਚ 1.87 ਲੱਖਰੁਪਏ ਅਤੇ ਜੰਮੂ-ਕਸ਼ਮੀਰ ਵਿੱਚ 1.60 ਲੱਖ ਰੁਪਏ ਵਿਧਾਇਕ ਨੂੰ ਮਿਲਦੇ ਹਨ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 31 ਸਾਲ ਕੱਦ 5 ਫੁੱਟ 6 ਇੰਚ ਕੈਨੇਡੀਅਨ ਸਿਟੀਜ਼ਨ ਪਰਿਵਾਰਕ ਲੜਕੀ ਲਈ ਪੜ੍ਹੇ ਲਿਖੇ ਵੈੱਲ ਸੈਟਲਡ ਪਰਿਵਾਰਕ ਲੜਕੇ ਦੀ ਲੋੜ ਹੈ ਜਾਣਕਾਰੀ ਲਈ 6475268700, 4166253208

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






# ਨਿਊ ਯਾਰਕ ’ਚ ਸੰਵੇਦਨਸ਼ੀਲ ਥਾਂਵਾਂ ਉਤੇ ਬੰਦੂਕ ਲਿਜਾਣ ’ਤੇ ਪਾਬੰਦੀ

ਨਿਊ ਯਾਰਕ, 4 ਜੁਲਾਈ (ਪੋਸਟ ਬਿਊਰੋ)- ਨਿਊ ਯਾਰਕ ਦੀ ਗਵਰਨਰ ਕੈਥੀ ਹੀਚੁਲ ਨੇ ਪਿੱਛੇ ਜਿਹੇ ਸੁਪਰੀਮ ਕੋਰਟ ਦੇ ਇੱਕ ਫੈਸਲੇ ਦੇ ਜਵਾਬ ਵਿੱਚ ਕਾਨੂੰਨ ਵਿੱਚ ਇੱਕ ਬਿੱਲ ਉੱਤੇਦਸਤਖਤ ਕੀਤੇ ਹਨ, ਜਿਸ ਵਿੱਚ ਸੂਬੇ ’ਚ ਲੰਬੇ ਸਮੇਂ ਤੋਂ ਚਲੀਆਂ ਆ ਰਹੀਆਂ ਲਾਇਸੈਂਸ ਪਾਬੰਦੀਆਂ ਨੂੰ ਉਲਟ ਦਿੱਤਾ ਗਿਆ ਹੈ।

ਇੱਕ ਰਿਪੋਰਟ ਅਨੁਸਾਰ ਜੇ ਵਿਅਕਤੀ ਹਵਾਈ ਅੱਡਿਆਂ ਅਤੇ ਹੋਰ ਜਨਤਕ ਟਰਾਂਸਪੋਰਟ, ਵਿਦਿਅਕ ਸੰਸਥਾਵਾਂ ਦੇ ਨਾਲ-ਨਾਲ ਟਾਈਮਜ਼ ਸਕਵਾਇਰ ਵਰਗੀਆਂ ਸੰਵੇਦਨਸ਼ੀਲ ਥਾਂਵਾਂ ਵਿੱਚ ਲੁਕਿਆ ਹਥਿਆਰ ਲੈ ਜਾਂਦੇ ਹਨ ਤਾਂ ਉਨ੍ਹਾਂ ਨੂੰ ਅਪਰਾਧਕ ਸਜ਼ਾ ਭੁਗਤਣੀ ਪਵੇਗੀ। ਕਾਨੂੰਨ ਬਾਰ, ਰੇਸਤਰਾਂ, ਦੁਕਾਨਾਂ ਜਾਂ ਕਰਿਆਨੇ ਦੀਆਂ ਦੁਕਾਨਾਂ ਸਮੇਤ ਨਿੱਜੀ ਜਾਇਦਾਦ ਲਈ ‘ਨੋ ਕੈਰੀ' ਨੂੰ ਡਿਫਾਲਟ ਬਣਾਉਂਦਾ ਹੈ, ਜਦ ਤਕ ਕਿ ਜਾਇਦਾਦ ਦੇ ਮਾਲਕਾਂ ਦੁਆਰਾ ਇਸ ਦੀ ਮਨਜ਼ੂਰੀ ਨਹੀਂ ਦਿੱਤੀ ਜਾਂਦੀ ਹੈ। ਅਮਰੀਕੀ ਸੁਪਰੀਮ ਕੋਰਟ ਨੇ ਪਿੱਛੇ ਜਿਹੇ ਇੱਕ ਸਦੀ ਪੁਰਾਣੇ ਨਿਊ ਯਾਰਕ ਰਾਜ ਦੇ ਕਾਨੂੰਨ ਦੀ ਸੋਧ ਨੂੰ ਰੱਦ ਕਰ ਦਿੱਤਾ ਸੀ, ਜਿਸ ਵਿੱਚ ਬੰਦੂਕ ਮਾਲਕਾਂ ਨੂੰ ਲੁਕਾ ਕੇ ਹਥਿਆਰ ਲੈ ਜਾਣ ਦੇ ਸੰਭਾਵੀ ਕਾਰਨ ਹੋਣ ਦੀ ਲੋੜ ਸੀ। ਨਿਊ ਯਾਰਕ ਵਿੱਚ ਚੁਣੇ ਗਏ



ਅਧਿਕਾਰੀਆਂ ਨੇ ਜਨਤਕ ਸੁਰੱਖਿਆ ਦੀ ਰੱਖਿਆ ਕਰਨ ਦੀ ਕਸਮ ਖਾਧੀ ਅਤੇ ਸਥਾਨਕ ਵਿਧਾਇਕਾਂ ਨੇ ਸ਼ੁੱਕਰਵਾਰ ਨੂੰ ਨਿਊ ਯਾਰਕ ਸਟੇਟ ਰਾਈਫਲ ਐਂਡ ਪਿਸਟਲ ਐਸੋਸੀਏਸ਼ਨ ਬਨਾਮ ਬਰੂਏਨ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਨਰਮ ਕਰਨ ਲਈ ਇੱਕ ਵਿਸ਼ੇਸ਼ ਸੈਸ਼ਨ ਵਿੱਚ ਬਿੱਲ ਪਾਸ ਕੀਤਾ। ਕਾਨੂੰਨ ਇੱਕ ਸਤੰਬਰ ਤੋਂ ਲਾਗੂ ਹੋਵੇਗਾਅਤੇ ਉਨ੍ਹਾਂ ਲੋਕਾਂ ਲਈ ਇੱਕ ਅਪੀਲ ਬੋਰਡ ਬਣਾਇਆ ਜਾਏਗਾ ਜਿਨ੍ਹਾਂ ਦਾ ਲਾਇਸੈਂਸ ਜਾਂ ਨਵੀਨੀਕਰਨ ਰੱਦ ਕੀਤਾ ਗਿਆ ਹੈ। ਨਵੇਂ ਵਿਧਾਇਕਾਂ ਨੂੰ ਬੰਦੂਕ ਦਾ ਅਧਿਕਾਰ ਕਰਕੇ ਵਕੀਲਾਂ ਨੂੰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਕੁਝ ਕੁਝ ਰਿਪਬਲਿਕਨ ਪਾਰਲੀਮੈਂਟ ਮੈਂਬਰਾਂ ਨੇ ਤਰਕ ਦਿੱਤਾ ਕਿ ਇਸ ਨੇ ਹਥਿਆਰ ਰੱਖਣ ਦੇ ਸੰਵਿਧਾਨਕ ਅਧਿਕਾਰ ਦਾ ਉਲੰਘਣ ਕੀਤਾ ਹੈ।

